4-NOV-PAGE-1.qxd 11/3/2024 9:57 PM Page 1

ਸੋਮਵਾਰ, 4 ਨਵੰਬਰ, 2024

19 ਕੱਤਕ { ਨਾਨਕਸ਼ਾਹੀ 556 / ਬਿਕਰਮੀ 2081

ਜਿਲਦ/VOL. : 73

ਅੰਕ/NO. : 154

# ਨਵਾਂ ਜ਼ਮਾਨਾ

DAILY NAWAN ZAMANA • MONDAY, 4 NOVEMBER, 2024

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਸ੍ਰੀਨਗਰ 'ਚ ਗ੍ਰਨੇਡ ਹਮਲਾ, 12 ਜ਼ਖ਼ਮੀ



**ਸ੍ਰੀਨਗਰ** : ਐਤਵਾਰ ਇੱਥੇ ਟੂਰਿਸਟ ਰਿਸੈਪਸ਼ਨ ਸੈਂਟਰ ਨੇੜੇ ਲਗਦੀ ਸੰਡੇ ਮਾਰਕਿਟ ਕੋਲ ਸੀ ਆਰ ਪੀ ਐੱਫ ਦੇ ਮੋਰਚੇ 'ਤੇ ਗ੍ਰਨੇਡ ਹਮਲੇ 'ਚ 12 ਵਿਅਕਤੀ ਜ਼ਖ਼ਮੀ ਹੋ ਗਏ। ਸ਼ਹਿਰ ਦੇ ਖਾਨਿਆਰ ਇਲਾਕੇ 'ਚ ਸੁਰੱਖਿਆ ਬਲਾਂ ਵੱਲੋਂ ਲਸ਼ਕਰ-ਏ-ਤੋਇਬਾ ਦੇ ਇਕ ਪਾਕਿਸਤਾਨੀ ਕਮਾਂਡਰ ਨੂੰ ਮਾਰੇ ਜਾਣ ਤੋਂ ਇਕ ਦਿਨ ਬਾਅਦ ਵਿਆਪਕ ਸੁਰੱਖਿਆ ਵਾਲੇ ਆਲ ਇੰਡੀਆ ਰੇਡੀਓ ਤੇ ਦੂਰਦਰਸ਼ਨ ਦੇ ਦਫਤਰਾਂ ਨੇੜੇ ਇਹ ਹਮਲਾ ਹੋਇਆ। ਅਧਿਕਾਰੀਆਂ ਨੇ ਦੱਸਿਆ ਕਿ ਦਹਿਸ਼ਤਗਰਦਾਂ ਨੇ ਗ੍ਰਨੇਡ ਸੀ ਆਰ ਪੀ ਐੱਫ ਦੇ ਮੋਰਚੇ ਵੱਲ ਸੁੱਟਿਆ, ਪਰ ਉਹ ਰਾਹ 'ਚ ਡਿੱਗ ਕੇ ਫਟ ਗਿਆ। ਸੰਡੇ ਮਾਰਕਿਟ 'ਚ ਹਜ਼ਾਰਾਂ ਲੋਕ ਆਉਂਦੇ ਹਨ। ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਕਿਹਾ ਕਿ ਪਿਛਲੇ ਕੁਝ ਦਿਨਾਂ ਤੋਂ ਵਾਦੀ ਦੇ ਕਈ ਹਿੱਸਿਆਂ ਵਿਚ ਹਮਲਿਆਂ ਤੇ ਮੁਕਾਬਲਿਆਂ ਦੀਆਂ ਖਬਰਾਂ ਸੁਰਖੀਆਂ 'ਚ ਹਨ। ਸੰਡੇ ਮਾਰਕਿਟ 'ਚ ਬੇਕਸੂਰ ਦੁਕਾਨਦਾਰਾਂ 'ਤੇ ਗ੍ਰਨੇਡ ਹਮਲੇ ਦੀ ਖਬਰ ਬਹੁਤ ਹੀ ਦੁਖਦਾਈ ਹੈ। ਬੇਕਸੂਰ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣਾ ਜਾਇਜ਼ ਨਹੀਂ ਹੋ ਸਕਦਾ। ਸੁਰੱਖਿਆ ਤੰਤਰ ਨੂੰ ਚਾਹੀਦਾ ਹੈ ਕਿ ਉਹ ਹਮਲਿਆਂ ਦੀ ਇਸ ਲਹਿਰ ਨੂੰ ਜਲਦੀ ਤੋਂ ਜਲਦੀ ਰੋਕਣ ਲਈ ਹਰ ਸੰਭਵ ਯਤਨ ਕਰੇ, ਤਾਂ ਜੋ ਲੋਕ ਬਿਨਾਂ ਕਿਸੇ ਡਰ ਦੇ ਆਪਣੀ ਜ਼ਿੰਦਗੀ ਬਤੀਤ ਕਰ ਸਕਣ।

## ਸੁਖਬੀਰ ਬਾਦਲ ਨੂੰ ਸਜ਼ਾ 'ਤੇ ਵਿਚਾਰ ਲਈ ਮੀਟਿੰਗ 6 ਨੂੰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਤਨਖਾਹੀਆ ਕਰਾਰ ਦਿੱਤੇ ਗਏ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਬਾਦਲ ਦੇ ਮਾਮਲੇ ਸੰਬੰਧੀ ਵਿਚਾਰ-ਵਟਾਂਦਰੇ ਲਈ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ 6 ਨਵੰਬਰ ਨੂੰ ਸਵੇਰੇ 11 ਵਜੇ ਸਿੱਖ ਵਿਦਵਾਨਾਂ ਦੀ ਬੈਠਕ ਬੁਲਾਈ ਹੈ। ਸਿੱਖ ਬੁੱਧੀਜੀਵੀ ਡਾ. ਇੰਦਰਜੀਤ ਸਿੰਘ ਗੋਗੋਆਣੀ ਨੇ ਦੱਸਿਆ ਕਿ ਮੀਟਿੰਗ 'ਚ ਸੁਖਬੀਰ ਨੂੰ ਧਾਰਮਕ ਸਜ਼ਾ ਸੁਣਾਉਣ ਦਾ ਮੁੱਦਾ ਵਿਚਾਰਿਆ ਜਾਵੇਗਾ। ਮੀਟਿੰਗ 'ਚ ਸਾਬਕਾ ਜਥੇਦਾਰ ਗਿਆਨੀ ਮਨਜੀਤ ਸਿੰਘ ਸਮੇਤ 20 ਦੇ ਕਰੀਬ ਵਿਦਵਾਨਾਂ ਤੇ ਪੱਤਰਕਾਰਾਂ ਦੇ ਸ਼ਾਮਲ ਹੋਣ ਦੀ ਸੰਭਾਵਨਾ ਹੈ।

## ਸੱਤਾ 'ਚ ਆਉਣ 'ਤੇ ਝਾਰਖੰਡ 'ਚ ਯੂ ਸੀ ਸੀ ਲਾਗੂ ਕਰਾਂਗੇ : ਸ਼ਾਹ

**ਰਾਂਚੀ** : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਐਤਵਾਰ ਐਲਾਨ ਕੀਤਾ ਕਿ ਜੇ ਭਾਜਪਾ ਝਾਰਖੰਡ 'ਚ ਸੱਤਾ 'ਚ ਆਈ ਤਾਂ ਸਾਂਝਾ ਸਿਵਲ ਕੋਡ (ਯੂ ਸੀ ਸੀ) ਲਾਗੂ ਕਰੇਗੀ, ਪਰ ਜਨਜਾਤੀ ਭਾਈਚਾਰਿਆਂ ਨੂੰ ਇਸ ਦੇ ਦਾਇਰੇ ਤੋਂ ਬਾਹਰ ਰੱਖਿਆ ਜਾਵੇਗਾ। ਸ਼ਾਹ ਨੇ ਵਿਧਾਨ ਸਭਾ ਚੋਣਾਂ ਲਈ ਭਾਜਪਾ ਦਾ 'ਸੰਕਲਪ ਪੱਤਰ' ਜਾਰੀ ਕਰਦੇ ਹੋਏ ਐਲਾਨ ਕੀਤਾ ਕਿ ਉਦਯੋਗਾਂ ਤੇ ਖਦਾਨਾਂ ਕਰ ਕੇ ਉੱਜੜੇ ਲੋਕਾਂ ਦਾ ਪੁਨਰਵਾਸ ਯਕੀਨੀ ਬਣਾਉਣ ਲਈ ਵਿਸਥਾਪਨ ਕਮਿਸ਼ਨ ਦਾ ਗਠਨ ਕੀਤਾ ਜਾਵੇਗਾ। ਉਨ੍ਹਾ ਇਹ ਵੀ ਕਿਹਾ ਕਿ ਭਾਜਪਾ 'ਸਰਨਾ ਧਰਮ ਕੋਡ' ਦੇ ਮੁੱਦੇ 'ਤੇ ਵਿਚਾਰ ਕਰੇਗੀ ਅਤੇ ਉਚਿਤ ਫੈਸਲਾ ਲਵੇਗੀ। ਝਾਰਖੰਡ 'ਚ 2.87 ਲੱਖ ਸਰਕਾਰੀ ਨੌਕਰੀਆਂ ਸਣੇ ਰੁਜ਼ਗਾਰ ਦੇ ਪੰਜ ਲੱਖ ਮੌਕੇ ਪੈਦਾ ਕੀਤੇ ਜਾਣਗੇ। ਭਾਜਪਾ ਝਾਰਖੰਡ ਵਿੱਚ ਘੁਸਪੈਠੀਆਂ ਤੋਂ ਜ਼ਮੀਨ ਵਾਪਸ ਲਏਗੀ ਅਤੇ ਗੈਰਕਾਨੂੰਨੀ ਪਰਵਾਸੀਆਂ ਦੀ ਪਛਾਣ ਕਰ ਕੇ ਉਨ੍ਹਾਂ ਨੂੰ ਵਾਪਸ ਭੇਜੇਗੀ।

## ਛਠ ਪੂਜਾ ਤੋਂ ਪਹਿਲਾਂ ਜਮਨਾ ਦਾ ਇਹ ਹਾਲ!



ਪ੍ਰਸਿੱਧ ਛਠ ਪੂਜਾ ਉਤਸਵ 6 ਤੋਂ 8 ਨਵੰਬਰ ਤੱਕ ਮਨਾਇਆ ਜਾਣਾ ਹੈ, ਜਿਸ ਦੌਰਾਨ ਲੋਕ ਨਦੀਆਂ 'ਚ ਡੁਬਕੀ ਲਾਉਂਦੇ ਹਨ। ਦਿੱਲੀ ਵਿਚ ਜਿਹੜੀ ਜਮਨਾ 'ਚ ਲੋਕਾਂ ਨੇ ਡੁਬਕੀ ਲਾਉਣੀ ਹੈ, ਉਸ ਦਾ ਐਤਵਾਰ ਇਹ ਹਾਲ ਸੀ। ਪ੍ਰਸ਼ਾਸਨ ਨਦੀ 'ਚ ਫੈਲੀ ਜ਼ਹਿਰੀਲੀ ਝੱਗ ਨੂੰ ਹਟਾਉਣ 'ਚ ਲੱਗਾ ਹੋਇਆ ਸੀ।

## ਸਤ ਸ਼ਰਮਾ ਜੰਮੂ-ਕਸ਼ਮੀਰ ਭਾਜਪਾ ਦੇ ਨਵੇਂ ਪ੍ਰਧਾਨ

**ਨਵੀਂ ਦਿੱਲੀ** : ਭਾਜਪਾ ਨੇ ਸੀਨੀਅਰ ਆਗੂ ਸਤ ਸ਼ਰਮਾ ਨੂੰ ਐਤਵਾਰ ਪਾਰਟੀ ਦੀ ਜੰਮੂ-ਕਸ਼ਮੀਰ ਇਕਾਈ ਦਾ ਪ੍ਰਧਾਨ ਨਿਯੁਕਤ ਕੀਤਾ। ਉਹ ਰਵਿੰਦਰ ਰੈਣਾ ਦੀ ਥਾਂ ਲੈਣਗੇ। ਵਿਧਾਨ ਸਭਾ ਚੋਣਾਂ ਦੌਰਾਨ ਸਤ ਸ਼ਰਮਾ ਨੂੰ ਟਿਕਟ ਨਹੀਂ ਦਿੱਤੀ ਸੀ ਤੇ ਸੂਬਾ ਇਕਾਈ ਦਾ ਕਾਰਜਕਾਰੀ ਪ੍ਰਧਾਨ ਬਣਾ ਦਿੱਤਾ ਸੀ। ਰੈਣਾ ਨੂੰ ਵਿਧਾਨ ਸਭਾ ਚੋਣਾਂ 'ਚ ਨੌਸ਼ਹਿਰਾ ਤੋਂ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਇਸੇ ਦੌਰਾਨ ਸਾਬਕਾ ਮੰਤਰੀ 47 ਸਾਲਾ ਸੁਨੀਲ ਸ਼ਰਮਾ ਨੂੰ ਜੰਮੂ-ਕਸ਼ਮੀਰ ਭਾਜਪਾ ਵਿਧਾਇਕ ਦਲ ਦਾ ਨੇਤਾ ਚੁਣਿਆ ਗਿਆ। ਕਿਸ਼ਤਵਾੜ ਜ਼ਿਲ੍ਹੇ ਦੇ ਪੱਦਰ ਨਾਗਸੇਨੀ ਤੋਂ ਵਿਧਾਇਕ ਸ਼ਰਮਾ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਹੋਣਗੇ।

## ਨਿਊ ਜ਼ੀਲੈਂਡ ਨੇ ਫੱਟੀ ਪੋਚੀ

**ਮੁੰਬਈ** : ਨਿਊ ਜ਼ੀਲੈਂਡ ਨੇ ਐਤਵਾਰ ਭਾਰਤ ਨੂੰ 25 ਦੌੜਾਂ ਨਾਲ ਹਰਾ ਕੇ ਤੀਜਾ ਟੈਸਟ ਮੈਚ ਵੀ ਜਿੱਤ ਲਿਆ। ਭਾਰਤ ਦੀ ਘਰ 'ਚ ਇਹ ਬਹੁਤ ਹੀ ਸ਼ਰਮਨਾਕ ਹਾਰ ਹੈ, ਜਦੋਂ 2000 ਤੋਂ ਬਾਅਦ ਕਿਸੇ ਟੀਮ ਨੇ ਉਸ ਨੂੰ ਲੜੀ ਦੇ ਤਿੰਨ ਦੇ ਤਿੰਨ ਟੈਸਟਾਂ ਵਿਚ ਹਰਾਇਆ। ਨਿਊ ਜ਼ੀਲੈਂਡ ਲਈ ਏਜਾਜ਼ ਪਟੇਲ ਨੇ ਕੁੱਲ 11 ਵਿਕਟਾਂ ਲਈਆਂ। ਭਾਰਤ ਦੀ ਪਹਿਲੀ ਪਾਰੀ 263 ਦੌੜਾਂ 'ਤੇ ਸਿਮਟ ਗਈ ਸੀ। ਨਿਊ ਜ਼ੀਲੈਂਡ ਨੇ ਪਹਿਲੀ ਪਾਰੀ 'ਚ 235 ਦੌੜਾਂ ਬਣਾਈਆਂ ਸਨ। ਦੂਜੀ ਪਾਰੀ 'ਚ ਨਿਊ ਜ਼ੀਲੈਂਡ ਦੀ ਟੀਮ 174 ਦੌੜਾਂ 'ਤੇ ਆਊਟ ਹੋ ਗਈ। ਟੀਮ ਇੰਡੀਆ ਨੂੰ ਜਿੱਤ ਲਈ 147 ਦੌੜਾਂ ਚਾਹੀਦੀਆਂ ਸਨ, ਪਰ ਉਹ 121 ਦੌੜਾਂ 'ਤੇ ਆਊਟ ਹੋ ਗਈ।

## ਰੇਲ ਮੰਤਰੀ ਗੱਡੀਆਂ 'ਤੇ ਹਮਲੇ ਰੋਕਣ ਲਈ ਸਖਤ ਕਦਮ ਚੁੱਕਣ : ਆਜ਼ਾਦ

**ਲਖਨਊ** : ਉੱਤਰ ਪ੍ਰਦੇਸ਼ ਦੇ ਨਗੀਨਾ ਤੋਂ ਆਜ਼ਾਦ ਸਮਾਜ ਪਾਰਟੀ-ਕਾਂਸ਼ੀ ਰਾਮ ਦੇ ਲੋਕ ਸਭਾ ਮੈਂਬਰ ਚੰਦਰ ਸ਼ੇਖਰ ਆਜ਼ਾਦ ਨੇ ਐਤਵਾਰ ਦਾਅਵਾ ਕੀਤਾ ਕਿ ਉਹ ਜਿਸ ਵੰਦੇ ਭਾਰਤ ਰੇਲ ਗੱਡੀ 'ਚ ਯਾਤਰਾ ਕਰ ਰਹੇ ਸਨ, ਉਸ 'ਤੇ ਪਥਰਾਅ ਕੀਤਾ ਗਿਆ। ਉਨ੍ਹਾ ਰੇਲ ਮੰਤਰੀ ਤੇ ਪ੍ਰਸ਼ਾਸਨ ਤੋਂ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਸਖਤ ਕਦਮ ਉਠਾਉਣ ਦੀ ਅਪੀਲ ਕੀਤੀ ਹੈ। ਆਜ਼ਾਦ ਨੇ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਮਾਪਿਆਂ ਤੇ ਸਕੂਲੀ ਅਧਿਆਪਕਾਂ ਨੂੰ ਬੱਚਿਆਂ ਨੂੰ ਇਸ ਵਿਸ਼ੇ 'ਤੇ ਜਾਗਰੂਕ ਕਰਨ ਦੀ ਅਪੀਲ ਵੀ ਕੀਤੀ ਹੈ। ਉਨ੍ਹਾ ਕਿਹਾ—ਮੈਂ ਦਿੱਲੀ ਤੋਂ ਕਾਨਪੁਰ ਦੀ ਯਾਤਰਾ ਕਰ ਰਿਹਾ ਸੀ। ਸਵੇਰੇ 7.12 ਵਜੇ ਜਿਵੇਂ ਹੀ ਬੁਲੰਦਸ਼ਹਿਰ ਜ਼ਿਲ੍ਹੇ ਦੇ ਕਮਾਲਪੁਰ ਸਟੇਸ਼ਨ ਨੂੰ ਪਾਰ ਕੀਤਾ, ਤਾਂ ਬਾਹਰ ਤੋਂ ਕਿਸੇ ਸ਼ਰਾਰਤੀ ਅਨਸਰ ਨੇ ਪੱਥਰ ਸੁੱਟੇ, ਜਿਸ ਨਾਲ ਮੇਰੇ ਤੋਂ ਦੋ ਸੀਟ ਅੱਗੇ ਬੈਠੇ ਯਾਤਰੀ ਦੇ ਕੋਲ ਦਾ ਸ਼ੀਸ਼ਾ ਟੁੱਟ ਗਿਆ।

## ਵਿਦੇਸ਼ ਸਕੱਤਰ ਬੁੱਧਵਾਰ ਸੰਸਦੀ ਕਮੇਟੀ ਨਾਲ ਜਾਣਕਾਰੀ ਸਾਂਝੀ ਕਰਨਗੇ

**ਨਵੀਂ ਦਿੱਲੀ** : ਵਿਦੇਸ਼ ਸਕੱਤਰ ਵਿਕਰਮ ਮਿਸਰੀ ਵਿਦੇਸ਼ ਮਾਮਲਿਆਂ ਦੀ ਸੰਸਦੀ ਕਮੇਟੀ ਨੂੰ ਭਾਰਤ-ਕੈਨੇਡਾ ਸੰਬੰਧਾਂ ਬਾਰੇ ਬੁੱਧਵਾਰ ਨੂੰ ਸੰਭਾਵੀ ਤੌਰ 'ਤੇ ਜਾਣਕਾਰੀ ਦੇਣਗੇ। ਕੈਨੇਡਾ ਦੇ ਅਧਿਕਾਰੀਆਂ ਵੱਲੋਂ ਭਾਰਤ ਸਰਕਾਰ ਦੇ ਅਧਿਕਾਰੀਆਂ 'ਤੇ ਖਾਲਿਸਤਾਨ ਸਮਰਥਕ ਅੱਤਵਾਦੀ ਹਰਜੀਤ ਸਿੰਘ ਨਿੱਝਰ ਦੀ ਹੱਤਿਆ ਦਾ ਆਦੇਸ਼ ਦੇਣ ਦਾ ਦੋਸ਼ ਲਗਾਏ ਜਾਣ ਤੋਂ ਬਾਅਦ ਭਾਰਤ ਤੇ ਕੈਨੇਡਾ ਦੇ ਸੰਬੰਧ ਪ੍ਰਭਾਵਤ ਹੋਏ ਹਨ। ਮਿਸਰੀ ਪੂਰਬੀ ਲੱਦਾਖ 'ਚ ਅਸਲ ਕੰਟਰੋਲ ਰੇਖਾ 'ਤੇ ਮੁੜ ਤੋਂ ਗਸ਼ਤ ਸ਼ੁਰੂ ਕਰਨ ਸੰਬੰਧੀ ਸਮਝੌਤੇ ਤੋਂ ਬਾਅਦ ਚੀਨ ਨਾਲ ਭਾਰਤ ਦੇ ਸੰਬੰਧਾਂ 'ਚ ਹਾਲ 'ਚ ਆਏ ਸੁਧਾਰ ਬਾਰੇ ਵੀ ਸੰਸਦੀ ਕਮੇਟੀ ਨੂੰ ਸੰਭਾਵੀ ਤੌਰ 'ਤੇ ਜਾਣਕਾਰੀ ਦੇਣਗੇ।

## ਕੇਂਦਰ ਝਾਰਖੰਡ ਦੇ ਲੱਖਾਂ ਕਰੋੜ ਨਾ ਦੇਣ ਦਾ ਸਪੱਸ਼ਟੀਕਰਨ ਦੇਵੇ : ਰਮੇਸ਼

**ਨਵੀਂ ਦਿੱਲੀ** : ਕਾਂਗਰਸ ਨੇ ਐਤਵਾਰ ਕਿਹਾ ਕਿ ਭਾਜਪਾ ਨੂੰ ਜਨਤਾ ਤੋਂ ਵੋਟ ਮੰਗਣ ਤੋਂ ਪਹਿਲਾਂ ਪੈਂਡਿੰਗ ਕੋਲਾ 'ਰਾਇਲਟੀ' ਦੇ ਰੂਪ ਵਿੱਚ ਝਾਰਖੰਡ ਨੂੰ 1.36 ਲੱਖ ਕਰੋੜ ਰੁਪਏ ਜਾਰੀ ਕਰਨ 'ਚ ਦੇਰ ਦਾ ਹਿਸਾਬ ਦੇਣਾ ਚਾਹੀਦਾ ਹੈ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਦਾਅਵਾ ਕੀਤਾ ਕਿ ਕੇਂਦਰ 'ਤੇ ਕੋਲਾ 'ਰਾਇਲਟੀ' ਅਤੇ ਕੇਂਦਰੀ ਯੋਜਨਾ ਦੇ ਲਾਭ ਦੇ ਰੂਪ 'ਚ ਝਾਰਖੰਡ ਦਾ ਲੱਖਾਂ ਕਰੋੜ ਰੁਪਏ ਬਕਾਇਆ ਹੈ। ਉਨ੍ਹਾ ਦਾਅਵਾ ਕੀਤਾ ਕਿ ਝਾਰਖੰਡ 'ਚ ਕੋਲਾ ਖਾਣਾਂ ਕੋਲ ਇੰਡੀਆ ਲਿਮਟਿਡ ਦੀ ਸਹਾਇਕ ਕੰਪਨੀ ਵੱਲੋਂ ਚਲਾਈਆਂ ਜਾਂਦੀਆਂ ਹਨ ਜਿਨ੍ਹਾਂ 'ਤੇ ਸੂਬਾ ਸਰਕਾਰ ਦੀ ਭਾਰੀ ਰਕਮ ਬਕਾਇਆ ਹੈ।

## ਸੜਕ ਚੌੜੀ ਕਰਨ ਲਈ ਇੱਕ ਹਜ਼ਾਰ ਹੋਰ ਦਰੱਖਤ ਕੱਟਣ ਦਾ ਵਿਰੋਧ



**ਪਟਿਆਲਾ** : ਸਰਹਿੰਦ-ਪਟਿਆਲਾ ਸੜਕ ਨੂੰ ਚੌੜਾ ਕਰਨ ਲਈ ਦਰੱਖਤਾਂ ਦੀ ਅੰਨ੍ਹੇਵਾਹ ਕਟਾਈ 'ਤੇ ਵਾਤਾਵਰਨ ਪ੍ਰੇਮੀਆਂ ਵਿਚ ਰੋਸ ਹੈ। ਇਸ ਸੜਕ ਨੂੰ ਚੌੜਾ ਕਰਨ ਲਈ ਇਕ ਹਜ਼ਾਰ ਹੋਰ ਦਰੱਖਤ ਕੱਟੇ ਜਾਣਗੇ, ਜਿਸ ਖਿਲਾਫ ਸਿਵਲ ਸੁਸਾਇਟੀ ਗਰੁੱਪਾਂ ਅਤੇ ਵਾਤਾਵਰਨ ਪ੍ਰੇਮੀਆਂ ਨੇ ਮੋਰਚਾ ਖੋਲ੍ਹ ਦਿੱਤਾ ਹੈ। ਉਨ੍ਹਾਂ ਇਸ ਸੰਬੰਧੀ ਸ਼ਿਕਾਇਤ ਦਰਜ ਕਰਵਾਉਂਦਿਆਂ ਕਿਹਾ ਕਿ ਇਹ ਦਰੱਖਤ ਪੀ ਡਬਲਿਊ ਡੀ ਦੀ ਸੜਕ ਚੌੜੀ ਕਰਨ ਦੀ ਯੋਜਨਾ 'ਚ ਨਹੀਂ ਆਉਂਦੇ ਸਗੋਂ ਇਹ ਦਰੱਖਤ ਪਟਿਆਲਾ ਵਣ ਮੰਡਲ ਦੇ ਅਧਿਕਾਰ ਖੇਤਰ 'ਚ ਆਉਂਦੇ ਹਨ। 22 ਕਿਲੋਮੀਟਰ ਲੰਮੀ ਸੜਕ ਦੇ ਚਾਰ ਮਾਰਗੀ ਲਈ 7,392 ਦਰੱਖਤ ਪਹਿਲਾਂ ਹੀ ਕੱਟੇ ਜਾ ਚੁੱਕੇ ਹਨ ਜਿਨ੍ਹਾਂ ਵਿਚ 1,176 ਟਾਹਲੀ, 1,850 ਅਰਜੁਨ, 1,413 ਮਲਬੇਰੀ 1,101 ਯੂਕਲਪਟਸ ਅਤੇ 33 ਪਿੱਪਲ ਸ਼ਾਮਲ ਹਨ।

ਇਸ ਮਾਮਲੇ ਦੀ ਡੀ ਸੀ ਪ੍ਰੀਤੀ ਯਾਦਵ ਨੇ ਜਾਂਚ ਕਰਵਾਉਣ ਦਾ ਭਰੋਸਾ ਦਿੱਤਾ ਹੈ। ਇਸ ਤੋਂ ਇਲਾਵਾ ਡਿਵੀਜ਼ਨਲ ਫਾਰੈਸਟ ਅਫਸਰ ਵਿੱਦਿਆ ਸਾਗਰੀ ਨੇ ਕਿਹਾ ਹੈ ਕਿ ਵਾਤਾਵਰਨ ਪ੍ਰੇਮੀਆਂ ਵੱਲੋਂ ਲਾਏ ਗਏ ਦੋਸ਼ਾਂ ਦੀ ਜਾਂਚ ਲਈ ਫੀਲਡ ਵੈਰੀਫਿਕੇਸ਼ਨ ਦੇ ਹੁਕਮ ਦਿੱਤੇ ਗਏ ਹਨ।

## ਚੀਨ ਨਾਲ ਕੁਝ ਮੁੱਦਿਆਂ 'ਤੇ ਸਹਿਮਤੀ ਬਣੀ : ਜੈਸ਼ੰਕਰ

**ਬ੍ਰਿਸਬੇਨ** : ਭਾਰਤੀ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਐਤਵਾਰ ਕਿਹਾ ਕਿ ਭਾਰਤ ਅਤੇ ਚੀਨ ਨੇ ਤਣਾਅ ਦੇ ਕੁਝ ਮਾਮਲਿਆਂ ਨੂੰ ਹੱਲ ਕਰਨ ਵਿਚ ਪ੍ਰਗਤੀ ਕੀਤੀ ਹੈ, ਜਿਨ੍ਹਾਂ ਵਿਚ ਫੌਜਾਂ ਦੀ ਵਾਪਸੀ ਤੇ ਹੋਰ ਮੁੱਦੇ ਸ਼ਾਮਲ ਹਨ।

ਉਨ੍ਹਾ ਦੀ ਟਿੱਪਣੀ ਪੂਰਬੀ ਲੱਦਾਖ ਦੇ ਡੇਪਸਾਂਗ ਤੇ ਡੇਮਚੋਕ ਵਿਚ ਦੋਵਾਂ ਦੇਸ਼ਾਂ ਵਿਚਾਲੇ ਸਹਿਮਤੀ ਬਣਨ ਤੋਂ ਬਾਅਦ ਆਈ ਹੈ। ਭਾਰਤੀ ਫੌਜ ਨੇ ਡੇਪਸਾਂਗ ਵਿਚ ਗਸ਼ਤ ਸ਼ੁਰੂ ਕਰ ਦਿੱਤੀ ਹੈ ਜਦੋਂ ਕਿ ਡੇਮਚੋਕ ਵਿਚ ਗਸ਼ਤ ਸ਼ੁੱਕਰਵਾਰ ਨੂੰ ਸ਼ੁਰੂ ਹੋ ਗਈ ਸੀ। ਜੈਸ਼ੰਕਰ ਨੇ ਭਾਰਤੀ ਪੱਤਰਕਾਰਾਂ ਵੱਲੋਂ ਭਾਰਤ ਅਤੇ ਚੀਨ ਦੇ ਸੰਦਰਭ 'ਚ ਪੁੱਛੇ ਗਏ ਇਕ ਸਵਾਲ ਦੇ ਜਵਾਬ ਵਿਚ ਕਿਹਾ ਕਿ ਤੁਸੀਂ ਜਾਣਦੇ ਹੋ ਕਿ ਦੋਵਾਂ ਦੇਸ਼ਾਂ ਦਰਮਿਆਨ ਰਿਸ਼ਤੇ ਬਹੁਤ ਜ਼ਿਆਦਾ ਵਿਗੜ ਗਏ ਸਨ, ਜਿਨ੍ਹਾਂ ਦੇ ਕਾਰਨ ਤੁਸੀਂ ਸਾਰੇ ਜਾਣਦੇ ਹੋ ਪਰ ਹੁਣ ਭਾਰਤ ਤੇ ਚੀਨ ਨੇ ਤਣਾਅ ਵਾਲੇ ਕਝ ਮੁੱਦਿਆਂ 'ਤੇ ਸਹਿਮਤੀ ਬਣਾ ਲਈ ਹੈ।


## ਮਾਨ ਵੱਲੋਂ ਗੁਰਦੀਪ ਰੰਧਾਵਾ ਦੇ ਹੱਕ 'ਚ ਰੈਲੀ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**



ਹਲਕਾ ਡੇਰਾ ਬਾਬਾ ਨਾਨਕ ਹੋਣ ਜਾ ਰਹੀ ਜ਼ਿਮਨੀ ਚੋਣ ਨੂੰ ਲੈ ਕੇ ਐਤਵਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਤਿਹਾਸਕ ਕਸਬਾ ਕਲਾਨੌਰ ਵਿਖੇ ਬਾਬਾ ਕਾਰ ਜੀ ਸਟੇਡੀਅਮ ਵਿਖੇ ਆਪ ਉਮੀਦਵਾਰ ਗੁਰਦੀਪ ਸਿੰਘ ਰੰਧਾਵਾ ਦੇ ਹੱਕ 'ਚ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੂਬੇ ਦੇ ਲੋਕਾਂ ਨੂੰ ਦਿੱਤੀਆਂ ਗਈਆਂ ਗਰੰਟੀਆਂ ਕੁਝ ਹੀ ਸਮੇਂ ਵਿੱਚ ਪੂਰੀਆਂ ਕੀਤੀਆਂ ਅਤੇ 45000 ਬੇਰੁਜ਼ਗਾਰ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਸਰਕਾਰ ਨੇ ਸੂਬੇ 'ਚ ਨਜਾਇਜ਼ ਚੱਲ ਰਹੇ ਟੋਲ ਪਲਾਜ਼ੇ ਬੰਦ ਕਰਵਾ ਕੇ ਲੋਕਾਂ ਨੂੰ ਵੱਡੀ ਰਾਹਤ ਦਿੱਤੀ ਹੈ। ਉਹਨਾ ਹਲਕਾ ਡੇਰਾ ਬਾਬਾ ਨਾਨਕ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ 13 ਨਵੰਬਰ ਨੂੰ ਹੋਣ ਜਾ ਰਹੀ ਜ਼ਿਮਨੀ ਚੋਣ ਵਿੱਚ 'ਆਪ' ਉਮੀਦਵਾਰ ਗੁਰਦੀਪ ਸਿੰਘ ਰੰਧਾਵਾ ਨੂੰ ਵੱਡੀ ਲੀਡ ਨਾਲ ਜਿਤਾ ਕੇ ਵਿਧਾਨ ਸਭਾ ਵਿੱਚ ਭੇਜਣ। ਗੁਰਦੀਪ ਸਿੰਘ ਰੰਧਾਵਾ ਦੀ ਅਰਜ਼ੀ ਹੋਵੇਗੀ ਅਤੇ ਸਾਇਨ ਤੁਹਾਡੇ ਆਪਣੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹੋਣਗੇ। ਇਸ ਮੌਕੇ ਗੁਰਦੀਪ ਸਿੰਘ ਰੰਧਾਵਾ ਅਤੇ ਹੋਰ ਸੀਨੀਅਰ ਲੀਡਰਸ਼ਿਪ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਵਿਸ਼ੇਸ਼ ਸਨਮਾਨ ਅਤੇ ਧੰਨਵਾਦ ਕੀਤਾ ਗਿਆ। ਇਸ ਮੌਕੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ, ਲਾਲਜੀਤ ਸਿੰਘ ਭੁੱਲਰ, ਤਰੁਨਪ੍ਰੀਤ ਸਿੰਘ ਸੌਂਦ, ਲਾਲ ਚੰਦ ਕਟਾਰੂ ਚੱਕ, ਕੁਲਦੀਪ ਸਿੰਘ ਧਾਲੀਵਾਲ, ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਡਾ. ਇੰਦਰਬੀਰ ਸਿੰਘ ਨਿੱਝਰ, ਜਸਬੀਰ ਸਿੰਘ ਸੰਧੂ, ਦਲਬੀਰ ਸਿੰਘ ਟੌਂਗ, ਰਜਨੀਸ਼ ਦਹੀਆ, ਹਲਕਾ ਇੰਚਾਰਜ ਸ਼ਮਸ਼ੇਰ ਸਿੰਘ, ਜਗਰੂਪ ਸਿੰਘ ਸੇਖਵਾਂ, ਜੀਵਨਜੋਤ ਕੌਰ ਵਿਧਾਇਕ, ਰੁਪਿੰਦਰ ਸਿੰਘ ਵਿਧਾਇਕ, ਜਗਤਾਰ ਸਿੰਘ ਦਿਆਲਪੁਰਾ ਵਿਧਾਇਕ, ਅਸ਼ੋਕ ਪੱਪੀ ਵਿਧਾਇਕ, ਮਦਨਲਾਲ ਬੱਗਾ ਵਿਧਾਇਕ, ਫੌਜਾ ਸਿੰਘ ਸਰਾਰੀ ਵਿਧਾਇਕ, ਬਲਬੀਰ ਸਿੰਘ ਪੰਨੂ ਹਲਕਾ ਇੰਚਾਰਜ ਫਤਿਹਗੜ੍ਹ ਚੂੜੀਆਂ, ਰਾਜੀਵ ਸ਼ਰਮਾ, ਬਲਦੇਵ ਸਿੰਘ, ਰਮਨ ਬਹਿਲ, ਵਿਧਾਇਕ ਸਰਵਣ ਧੁੰਨ, ਵਿਧਾਇਕ ਅਜੇ ਗੁਪਤਾ, ਜੱਗਾ ਮਜੀਠੀਆ, ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ, ਅਮਿਤ, ਵਿਧਾਇਕ ਸਰਬਜੀਤ ਕੌਰ ਮਾਣੂੰਕੇ, ਵਿਧਾਇਕ ਭੋਲਾ ਸਿੰਘ ਗਰੇਵਾਲ, ਚੇਅਰਮੈਨ ਰਣਜੀਤ ਸਿੰਘ ਬਾਠ, ਚੰਨਣ ਸਿੰਘ ਖਾਲਸਾ ਸਕੱਤਰ, ਪਰਮਿੰਦਰ ਸਿੰਘ, ਮਨਰੂਪ ਸਿੰਘ ਰੰਧਾਵਾ, ਮਨਜੋਤ ਸਿੰਘ ਰੰਧਾਵਾ, ਮਨਿੰਦਰ ਸਿੰਘ, ਗੁਰਦੇਵ ਸਿੰਘ ਲਖਣਾ ਅਤੇ ਹੋਰ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਮੌਜੂਦ ਸਨ।

## ਚਲਦੀ ਕਾਰ ਨੂੰ ਅੱਗ, ਪਿਤਾ ਤੇ ਦੋ ਧੀਆਂ ਦੀ ਮੌਤ



**ਸ਼ਾਹਬਾਦ (ਕੁਰੂਕਸ਼ੇਤਰ)** : ਸੋਨੀਪਤ ਦੇ ਪਿੰਡ ਰਹਿਮਾਣਾ 'ਚ ਦੀਵਾਲੀ ਮਨਾ ਕੇ ਚੰਡੀਗੜ੍ਹ ਪਰਤ ਰਹੇ ਪਰਵਾਰ ਦੀ ਚੱਲਦੀ ਕਾਰ ਨੂੰ ਅੱਗ ਲੱਗਣ ਕਾਰਨ ਪਿਤਾ ਅਤੇ ਉਸ ਦੀਆਂ ਦੋ ਬੇਟੀਆਂ ਦੀ ਮੌਤ ਹੋ ਗਈ। ਇਹ ਹਾਦਸਾ ਸ਼ਨੀਵਾਰ ਰਾਤ 11 ਵਜੇ ਸਾਹਬਾਦ ਦੇ ਪਿੰਡ ਮੋਹੜੀ ਨੇੜੇ ਨਿਊ ਸੁਖਦੇਵ ਢਾਬੇ ਕੋਲ ਵਾਪਰਿਆ। ਅਰਟਿਗਾ ਕਾਰ 'ਚ ਅਚਾਨਕ ਅੱਗ ਲੱਗਣ ਕਾਰਨ ਕਾਰ ਨੂੰ ਤਾਲਾ ਲੱਗ ਗਿਆ ਅਤੇ ਕਾਰ 'ਚ ਸਵਾਰ ਇੱਕੋ ਪਰਵਾਰ ਦੇ 8 ਮੈਂਬਰ ਅੰਦਰ ਫਸ ਗਏ। ਡਰਾਈਵਰ ਨੇ ਕਿਸੇ ਤਰ੍ਹਾਂ ਕਾਰ ਦਾ ਲਾਕ ਖੋਲ੍ਹਿਆ। ਰਾਹਗੀਰਾਂ ਦੀ ਮਦਦ ਨਾਲ ਜ਼ਖਮੀਆਂ ਨੂੰ ਆਦੇਸ਼ ਮੈਡੀਕਲ ਕਾਲਜ ਤੇ ਹਸਪਤਾਲ ਭੇਜਿਆ ਗਿਆ, ਜਿੱਥੇ ਡਾਕਟਰਾਂ ਨੇ 37 ਸਾਲਾ ਸੰਦੀਪ ਕੁਮਾਰ, ਉਸ ਦੀ 6 ਸਾਲਾ ਬੇਟੀ ਪਰੀ ਅਤੇ 10 ਸਾਲਾ ਬੇਟੀ ਖੁਸ਼ੀ ਨੂੰ ਮ੍ਰਿਤਕ ਐਲਾਨ ਦਿੱਤਾ।

57 ਸਾਲਾ ਸੁਦੇਸ਼, 35 ਸਾਲਾ ਲਕਸ਼ਮੀ ਅਤੇ 32 ਸਾਲਾ ਆਰਤੀ ਨੂੰ ਗੰਭੀਰ ਹਾਲਤ 'ਚ ਪੀ ਜੀ ਆਈ ਚੰਡੀਗੜ੍ਹ ਰੈਫਰ ਕਰ ਦਿੱਤਾ ਗਿਆ। ਕਾਰ ਚਾਲਕ 35 ਸਾਲਾ ਸੁਸ਼ੀਲ ਕੁਮਾਰ ਅਤੇ ਉਸ ਦਾ 10 ਸਾਲਾ ਪੁੱਤਰ ਯਸ਼ ਸੁਰੱਖਿਅਤ ਰਹੇ।

## ਯੋਗੀ ਨੂੰ ਧਮਕਾਉਣ ਵਾਲੀ ਕੁੜੀ ਗ੍ਰਿਫਤਾਰ

**ਮੁੰਬਈ** : ਪੁਲਸ ਨੇ ਯੂ ਪੀ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੂੰ ਜਾਨੋਂ ਮਾਰਨ ਦੀ ਧਮਕੀ ਭਰਿਆ ਸੁਨੇਹਾ ਭੇਜਣ ਦੇ ਦੋਸ਼ ਹੇਠ 24 ਸਾਲਾ ਫ਼ਾਤਿਮਾ ਖਾਨ ਨੂੰ ਗ੍ਰਿਫਤਾਰ ਕੀਤਾ ਹੈ, ਜਿਹੜੀ ਆਪਣੇ ਪਰਵਾਰ ਦੇ ਨਾਲ ਮਹਾਰਾਸ਼ਟਰ ਦੇ ਠਾਣੇ ਜ਼ਿਲ੍ਹੇ ਦੇ ਉਲਹਾਸਨਗਰ ਇਲਾਕੇ ਵਿੱਚ ਰਹਿੰਦੀ ਹੈ। ਉਸ ਨੇ ਸੂਚਨਾ ਤਕਨਾਲੋਜੀ 'ਚ ਬੀ ਐੱਸ ਸੀ ਕੀਤੀ ਹੋਈ ਹੈ। ਉਸ ਦੇ ਪਿਤਾ ਦਾ ਲੱਕੜ ਦਾ ਕਾਰੋਬਾਰ ਹੈ। ਪੁਲਸ ਨੇ ਦੱਸਿਆ ਕਿ ਕੁੜੀ ਸਿੱਖਿਅਤ ਹੈ, ਪਰ ਮਾਨਸਿਕ ਤੌਰ 'ਤੇ ਅਸਥਿਰ ਹੈ। ਮੁੰਬਈ ਟਰੈਫਿਕ ਪੁਲਸ ਦੇ ਵਟਸਐਪ 'ਤੇ ਸਨਿੱਚਰਵਾਰ ਕਿਸੇ ਅਣਪਛਾਤੇ ਨੰਬਰ ਤੋਂ ਇਕ ਸੁਨੇਹਾ ਆਇਆ, ਜਿਸ ਵਿੱਚ ਧਮਕੀ ਦਿੱਤੀ ਗਈ ਕਿ ਜੇ ਆਦਿੱਤਿਆਨਾਥ ਨੇ 10 ਦਿਨਾਂ ਦੇ ਅੰਦਰ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਨਾ ਦਿੱਤਾ ਤਾਂ ਉਨ੍ਹਾ ਨੂੰ ਐੱਨ ਸੀ ਪੀ ਆਗੂ ਬਾਬਾ ਸਿੱਦੀਕੀ ਵਾਂਗ ਮਾਰ ਦਿੱਤਾ ਜਾਵੇਗਾ। ਜਾਂਚ ਵਿੱਚ ਪਤਾ ਲੱਗਾ ਕਿ ਇਹ ਸੁਨੇਹਾ ਫ਼ਾਤਿਮਾ ਨੇ ਭੇਜਿਆ ਸੀ।

## ਗੁਜਰਾਤ ਦੇ ਕੱਛ 'ਚ ਭੂਚਾਲ

**ਅਹਿਮਦਾਬਾਦ** : ਗੁਜਰਾਤ ਦੇ ਕਛ ਜ਼ਿਲ੍ਹੇ 'ਚ ਐਤਵਾਰ ਤੜਕੇ 3.4 ਤੀਬਰਤਾ ਦਾ ਭੂਚਾਲ ਆਇਆ। ਭੂਚਾਲ ਵਿਗਿਆਨ ਖੋਜ ਸੰਸਥਾ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਸ ਭੂਚਾਲ ਨਾਲ ਜਾਨ-ਮਾਲ ਦੇ ਕਿਸੇ ਤਰ੍ਹਾਂ ਦੇ ਨੁਕਸਾਨ ਦੀ ਖਬਰ ਨਹੀਂ ਹੈ। ਭੂਚਾਲ ਦੇ ਝਟਕੇ ਤੜਕੇ 3.58 ਵਜੇ ਮਹਿਸੂਸ ਕੀਤੇ ਗਏ ਅਤੇ ਇਸ ਦਾ ਕੇਂਦਰ ਲਖਪਤ ਤੋਂ 53 ਕਿਲੋਮੀਟਰ ਉੱਤਰ-ਪੂਰਬ 'ਚ ਸੀ। ਇਸ ਤੋਂ ਪਹਿਲਾਂ 27 ਅਕਤੂਬਰ ਨੂੰ ਸੂਬੇ ਦੇ ਸੌਰਾਸ਼ਟਰ ਖੇਤਰ ਦੇ ਅਮਰੇਲੀ ਜ਼ਿਲ੍ਹੇ 'ਚ 3.7 ਤੀਬਰਤਾ ਦਾ ਭੂਚਾਲ ਆਇਆ ਸੀ। ਗੁਜਰਾਤ 'ਚ ਭੂਚਾਲ ਦਾ ਖਤਰਾ ਕਾਫੀ ਜ਼ਿਆਦਾ ਰਹਿੰਦਾ ਹੈ।

## ਜਲੰਧਰ ਗੋਲੀ ਕਾਂਡ ਦਾ ਮੁੱਖ ਮੁਲਜ਼ਮ ਢਿੱਲੂ ਗ੍ਰਿਫਤਾਰ

**ਜਲੰਧਰ (ਸ਼ੈਲੀ ਐਲਬਰਟ)**



ਕਮਿਸ਼ਨਰੇਟ ਪੁਲਸ ਨੇ ਖਿੰਗਰਾ ਗੇਟ ਗੋਲੀ ਕਾਂਡ ਦੇ ਮੁੱਖ ਮੁਲਜ਼ਮ ਨੂੰ ਘਟਨਾ ਦੇ 12 ਘੰਟਿਆਂ ਦੇ ਅੰਦਰ ਗ੍ਰਿਫਤਾਰ ਕਰ ਲਿਆ ਹੈ। ਪੁਲਸ ਕਮਿਸ਼ਨਰ ਸਵਪਨ ਸ਼ਰਮਾ ਨੇ ਦੱਸਿਆ ਕਿ ਝਗੜੇ ਕਾਰਨ ਸਨਿੱਚਰਵਾਰ ਰਾਤ 8.15 ਵਜੇ ਰਿਸ਼ਭ ਬਾਦਸ਼ਾਹ ਦੀ ਗੋਲੀ ਲੱਗਣ ਕਾਰਨ ਮੌਤ ਹੋ ਗਈ ਸੀ, ਜਦਕਿ ਈਸ਼ੂ ਕੁਮਾਰ ਗੰਭੀਰ ਜ਼ਖਮੀ ਹੋ ਗਿਆ ਸੀ। ਥਾਣਾ ਡਵੀਜ਼ਨ ਤਿੰਨ ਨੇ ਕੇਸ ਦਰਜ ਕਰਕੇ ਮੁੱਖ ਮੁਲਜ਼ਮ ਸਾਹਿਲ ਕਪੂਰ ਉਰਫ ਮਨੂੰ ਕਪੂਰ ਢਿੱਲੂ ਨੂੰ ਦੇਸੀ ਪਿਸਤੌਲ ਅਤੇ ਦੋ ਖਾਲੀ ਖੋਲਾਂ ਸਮੇਤ ਗ੍ਰਿਫਤਾਰ ਕਰ ਲਿਆ। ਉਸ ਖਿਲਾਫ ਪਹਿਲਾਂ ਵੀ ਪੰਜ ਕੇਸ ਦਰਜ ਹਨ।

## ਹਾਵੜਾ ਮੇਲ 'ਚ ਧਮਾਕਾ, 4 ਜ਼ਖਮੀ

**ਚੰਡੀਗੜ੍ਹ** : ਸ਼ਨੀਵਾਰ ਰਾਤ ਸਾਢੇ 10 ਵਜੇ ਸਰਹਿੰਦ ਰੇਲਵੇ ਸਟੇਸ਼ਨ ਕੋਲ ਹਾਵੜਾ ਮੇਲ ਰੇਲ ਗੱਡੀ ਦੇ ਜਨਰਲ ਡੱਬੇ 'ਚ ਧਮਾਕੇ ਨਾਲ ਮਹਿਲਾ ਸਣੇ ਚਾਰ ਵਿਅਕਤੀ ਜ਼ਖਮੀ ਹੋ ਗਏ। ਸਰਕਾਰੀ ਰੇਲਵੇ ਪੁਲਸ ਦੇ ਅਧਿਕਾਰੀਆਂ ਨੇ ਅੱਜ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਅੰਮ੍ਰਿਤਸਰ ਤੋਂ ਹਾਵੜਾ ਜਾ ਰਹੀ ਗੱਡੀ 'ਚ ਪਟਾਕਿਆਂ ਨਾਲ ਭਰੀ ਪਲਾਸਟਿਕ ਦੀ ਬਾਲਟੀ 'ਚ ਧਮਾਕਾ ਹੋਇਆ।

## ਅੱਜ-ਨਾਮਾ

ਗਿੱਦੜਬਾਹੇ ਦੀ ਡਾਢੀ ਆ ਚੋਣ ਮਹਿਫਲ,
ਹਰ ਇੱਕ ਆਗੂ ਨੇ ਵਰਤਣਾ ਵਾਰ ਬੇਲੀ।
ਵੋਟਾਂ ਪੈਣ ਲਈ ਸਮਾਂ ਨਹੀਂ ਬਹੁਤ ਬਾਕੀ,
ਹੋਇਆ ਏ ਤੇਜ਼ ਕੁਝ ਚੋਣ ਪ੍ਰਚਾਰ ਬੇਲੀ।
ਟਿਕੀ ਟੇਕ ਨਹੀਂ ਸਿਰਫ ਹੈ ਵਰਕਰਾਂ 'ਤੇ,
ਸਾਰਾ ਈ ਦਿੱਤਾ ਹੈ ਝੋਕ ਪਰਵਾਰ ਬੇਲੀ।
ਦਿੱਲੀ, ਦੱਖਣ ਦੇ ਤੀਕ ਸੀ ਕਿਤੇ ਰਹਿੰਦੇ,
ਸਭ ਨੇ ਸੱਦ ਲਏ ਮਿੱਤਰ ਤੇ ਯਾਰ ਬੇਲੀ।
ਵਿਚਾਲੇ ਤਿੰਨਾਂ ਦੇ ਪਈ ਸਭ ਜੰਗ ਮਘਦੀ,
ਕੋਈ ਨਹੀਂ ਦਿੱਸਦਾ ਕਿਸੇ ਤੋਂ ਘੱਟ ਬੇਲੀ।
ਫਸਵੀਂ ਟੱਕਰ ਦੀ ਗੱਲ ਹਨ ਲੋਕ ਕਹਿੰਦੇ,
ਪਤਾ ਨਹੀਂ ਕੌਣ ਦੇਊ ਕੀਹਨੂੰ ਕੱਟ ਬੇਲੀ।

-ਤੀਸ ਮਾਰ ਖਾਂ

## 80ਵੇਂ ਦੇ ਦੌਰ 'ਚ ਮਾਰੇ ਗਏ ਬੇਗੁਨਾਹ ਲੋਕਾਂ ਨੂੰ ਕੀਤਾ ਯਾਦ

### ਗ਼ਦਰੀ ਬਾਬਿਆਂ ਦੇ ਮੇਲੇ ਦੀ ਸਫ਼ਲਤਾ ਲਈ ਸਬ-ਕਮੇਟੀਆਂ ਨੇ ਕੀਤੀ ਗੰਭੀਰ ਵਿਚਾਰ-ਚਰਚਾ

**ਜਲੰਧਰ (ਕੇਸਰ)**



ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ 7 ਨਵੰਬਰ ਤੋਂ ਸ਼ੁਰੂ ਹੋ ਰਿਹਾ 33ਵਾਂ ਤਿੰਨ ਰੋਜ਼ਾ ਮੇਲਾ ਗ਼ਦਰੀ ਬਾਬਿਆਂ ਦਾ ਹਰ ਪੱਖੋਂ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਅਤੇ ਲੋਕਾਂ ਦੇ ਵਿਸ਼ਾਲ ਸਹਿਯੋਗ ਨਾਲ ਨਵੇਂ ਮੁਕਾਮ 'ਤੇ ਪਹੁੰਚਾਉਣ ਲਈ ਐਤਵਾਰ ਸੱਭਿਆਚਾਰਕ ਵਿੰਗ ਅਤੇ ਦਰਜਨ ਦੇ ਕਰੀਬ ਵੰਨ-ਸੁਵੰਨੀਆਂ ਸਬ-ਕਮੇਟੀਆਂ ਦੇ ਕਨਵੀਨਰਾਂ ਅਤੇ ਮੈਂਬਰਾਂ ਨੇ ਸਿਰ ਜੋੜ ਕੇ ਗੰਭੀਰ ਵਿਚਾਰਾਂ ਕੀਤੀਆਂ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ 80ਵੇਂ ਦੇ ਦੌਰ ਅੰਦਰ ਪੰਜਾਬ, ਦਿੱਲੀ ਅਤੇ ਅਨੇਕਾਂ ਥਾਵਾਂ 'ਤੇ ਹਕੂਮਤ ਦੇ ਥਾਪੜੇ ਸਦਕਾ ਸਿੱਖ ਭਾਈਚਾਰੇ ਦਾ ਚੁਣ-ਚੁਣ ਕੇ ਸ਼ਿਕਾਰ ਖੇਡਣ ਅਤੇ ਇਉਂ ਹੀ ਦਹਾਕੇ ਤੋਂ ਵੱਧ ਸਮਾਂ ਹਿੰਦੂ ਭਾਈਚਾਰੇ ਨੂੰ ਵਿਸ਼ੇਸ਼ ਨਿਸ਼ਾਨਾ ਬਣਾ ਕੇ ਮਾਰੇ ਗਏ ਨਿਰਦੋਸ਼ ਲੋਕਾਂ ਨੂੰ ਭਾਵ-ਭਿੰਨੀ ਸ਼ਰਧਾਂਜਲੀ ਭੇਟ ਕੀਤੀ ਅਤੇ ਭਵਿੱਖ 'ਚ ਹਰ ਵੰਨਗੀ ਦੀ ਫ਼ਿਰਕੂ ਅਤੇ ਹਕੂਮਤੀ ਦਹਿਸ਼ਤਗਰਦੀ ਖਿਲਾਫ਼ ਉਸ ਵੇਲੇ ਦੀ ਤਰ੍ਹਾਂ ਜੂਝਣ ਵਾਲੇ ਲੋਕਾਂ ਦੇ ਜਾਇਆਂ ਤੋਂ ਰੌਸ਼ਨੀ ਲੈਣ ਦੀ ਅਪੀਲ ਕੀਤੀ ਗਈ।

ਇਸ ਉਪਰੰਤ ਮੇਲਾ ਤਿਆਰੀ ਕਮੇਟੀ, ਕੁਇਜ਼, ਭਾਸ਼ਣ, ਗਾਇਨ ਅਤੇ ਪੇਂਟਿੰਗ ਮੁਕਾਬਲਾ ਕਮੇਟੀਆਂ ਦੇ ਕਨਵੀਨਰਾਂ ਕ੍ਰਮਵਾਰ ਹਰਵਿੰਦਰ ਭੰਡਾਲ, ਪ੍ਰੋ. ਗੋਪਾਲ ਬੁੱਟਰ, ਪ੍ਰੋ. ਤੇਜਿੰਦਰ ਵਿਰਲੀ ਅਤੇ ਡਾ. ਸੈਲੇਸ਼ ਨੇ ਸੰਬੰਧਤ ਮੁਕਾਬਲਿਆਂ ਦੀ ਹੁਣ ਤੱਕ ਦੀ ਤਿਆਰੀ ਅਤੇ ਕਰਨ ਗੋਚਰੇ ਕੰਮਾਂ ਬਾਰੇ ਦੱਸਿਆ। ਚਿੱਤਰਕਲਾ ਅਤੇ ਫੋਟੋ ਕਲਾ ਪ੍ਰਦਰਸ਼ਨੀ ਦੇ ਕਨਵੀਨਰ ਵਿਜੈ ਬੰਬੇਲੀ, ਕਵੀ ਦਰਬਾਰ ਦੇ ਸੰਚਾਲਕ ਹਰਵਿੰਦਰ ਭੰਡਾਲ ਅਤੇ ਫ਼ਿਲਮ ਸ਼ੋਅ ਦੇ ਸੰਚਾਲਕ ਡਾ. ਸੈਲੇਸ਼ ਨੇ 8 ਨਵੰਬਰ ਸ਼ਾਮ ਨੂੰ ਹੋਣ ਵਾਲੇ ਕਵੀ ਦਰਬਾਰ, ਵਕਤਾ ਸੰਜੇ ਕਾਕ ਅਤੇ ਦਿਖਾਈ ਜਾਣ ਵਾਲੀ ਫ਼ਿਲਮ 'ਮਾਟੀ ਕੇ ਲਾਲ' ਦੀ ਤਿਆਰੀ ਬਾਰੇ ਦੱਸਿਆ। ਪੁਸਤਕ ਪ੍ਰਦਰਸ਼ਨੀ ਦੇ ਕਨਵੀਨਰ ਰਮਿੰਦਰ ਪਟਿਆਲਾ ਅਤੇ ਸਹਿਯੋਗੀ ਕੇਸਰ ਨੇ ਦੱਸਿਆ ਕਿ 70 ਦੇ ਕਰੀਬ ਪੁਸਤਕ ਸਟਾਲਾਂ ਦੇ ਆਉਣ ਦੀ ਸੂਚਨਾ ਪੱਕੀ ਹੋ ਗਈ ਹੈ। ਸੁਰੱਖਿਆ ਅਤੇ ਹੋਰ ਸੇਵਾਵਾਂ ਲਈ ਵਲੰਟੀਅਰ ਡਿਊਟੀਆਂ ਬਾਰੇ ਉਹਨਾਂ ਆਪਣੇ ਅਤੇ ਹਰਮੇਸ਼ ਮਾਲੜੀ ਵੱਲੋਂ ਨਿਭਾਈਆਂ ਜਾਣ ਵਾਲੀਆਂ ਵਲੰਟੀਅਰ ਜ਼ਿੰਮੇਵਾਰੀਆਂ ਬਾਰੇ ਦੱਸਿਆ।

ਕਮੇਟੀ ਨੇ ਇਹ ਜਾਣਕਾਰੀ ਵੀ ਸਾਂਝੀ ਕੀਤੀ ਕਿ ਅਪੂਰਵਾਨੰਦ, ਐਡਵੋਕੇਟ ਰਾਜਿੰਦਰ ਸਿੰਘ ਚੀਮਾ, 9 ਨਵੰਬਰ ਅਰੁੰਧਤੀ ਰਾਏ ਅਤੇ ਪ੍ਰਬੀਰ ਮੇਲੇ 'ਤੇ 8 ਨਵੰਬਰ ਨੂੰ ਹੋ ਰਹੀ ਵਿਚਾਰ-ਚਰਚਾ ਵਿੱਚ ਬਤੌਰ ਵਕਤਾ ਸ਼ਾਮਲ ਹੋ ਰਹੇ ਹਨ। 9 ਨਵੰਬਰ ਖੇਤੀ, ਪਾਣੀ, ਵਾਤਾਵਰਣ ਸੰਕਟ ਵਿਸ਼ੇ 'ਤੇ ਕਮੇਟੀ ਮੈਂਬਰ ਵਿਚਾਰ-ਚਰਚਾ ਵਿੱਚ ਭਾਗ ਲੈਣਗੇ।

9 ਨਵੰਬਰ ਸਵੇਰੇ 10 ਵਜੇ ਕਮੇਟੀ ਮੈਂਬਰ ਹਰਦੇਵ ਅਰਸ਼ੀ ਝੰਡਾ ਲਹਿਰਾਉਣ ਉਪਰੰਤ ਵਿਚਾਰ ਸਾਂਝੇ ਕਰਨਗੇ। ਇਹ ਵੀ ਦੱਸਿਆ ਗਿਆ ਕਿ ਝੰਡਾ ਲਹਿਰਾਉਣ ਉਪਰੰਤ ਓਪੇਰਾ ਰੂਪੀ ਝੰਡੇ ਦਾ ਗੀਤ; 'ਮੇਲਾ ਕੀ ਕਹਿੰਦੈ' ਦੀ ਤਿਆਰੀ ਲਈ 4 ਨਵੰਬਰ ਤੋਂ ਦੇਸ਼ ਭਗਤ ਯਾਦਗਾਰ ਹਾਲ ਵਰਕਸ਼ਾਪ ਲੱਗ ਰਹੀ ਹੈ, ਜਿਸ ਵਿੱਚ ਵੱਡੀ ਗਿਣਤੀ 'ਚ ਮੁੰਡੇ-ਕੁੜੀਆਂ ਕਲਾਕਾਰ ਸ਼ਾਮਲ ਹੋ ਰਹੇ ਹਨ। 9 ਨਵੰਬਰ ਸ਼ਾਮ 6:30 ਵਜੇ ਕਮੇਟੀ ਦੇ ਪ੍ਰਧਾਨ ਦੇ ਸੰਬੋਧਨ ਉਪਰੰਤ ਚਕਰੇਸ਼ ਚੰਡੀਗੜ੍ਹ, ਕੇਵਲ ਧਾਲੀਵਾਲ, ਅਨੀਤਾ ਸ਼ਬਦੀਸ਼, ਬਲਰਾਜ ਸਾਗਰ, ਜਸਵਿੰਦਰ ਪੱਪੀ ਨਾਟਕ ਖੇਡਣਗੇ ਅਤੇ ਅਵਤਾਰ ਚੜ੍ਹਿਕ ਸਾਥੀਆਂ ਸਮੇਤ ਪੇਸ਼ ਕਰਨਗੇ ਵਿਅੰਗ 'ਭੰਡ ਆਏ ਮੇਲੇ ਤੇ'। ਮੇਲੇ 'ਚ ਗੀਤ-ਸੰਗੀਤ ਦਾ ਆਪਣਾ ਪ੍ਰਭਾਵਸ਼ਾਲੀ ਰੰਗ ਹੋਏਗਾ। ਕਮੇਟੀ ਦੇ ਜਨਰਲ ਸਕੱਤਰ ਨੇ ਲੰਗਰ ਲਈ ਆ ਰਹੇ ਰਾਸ਼ਨ ਅਤੇ ਆਰਥਕ ਮਦਦ ਬਾਰੇ ਉਤਸ਼ਾਹਜਨਕ ਜਾਣਕਾਰੀ ਸਾਂਝੀ ਕਰਦਿਆਂ ਲੰਗਰ ਲਗਾ ਰਹੀਆਂ ਸੰਸਥਾਵਾਂ, ਦੇਸ਼ ਭਗਤਾਂ ਦੇ ਪਿੰਡਾਂ ਅਤੇ ਮੇਲੇ ਨਾਲ ਜੁੜੇ ਪਰਵਾਰਾਂ ਦਾ ਧੰਨਵਾਦ ਕੀਤਾ।

CMYK

# ਬਾਪੂ ਬਚਨ ਸਿੰਘ ਤੇ ਬੇਬੇ ਜੋਗਿੰਦਰ ਕੌਰ ਦੀ ਯਾਦ 'ਚ ਸੱਭਿਆਚਾਰਕ ਮੇਲਾ



**ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ)**-ਬੀਤੇ ਦਿਨੀਂ ਫੇਜ਼ 2 ਗੋਇੰਦਵਾਲ ਸਾਹਿਬ ਵਿਖੇ ਬਾਪੂ ਬਚਨ ਸਿੰਘ ਬੋਟਮੈਨ ਅਤੇ ਬੇਬੇ ਜੋਗਿੰਦਰ ਕੌਰ ਦੀ ਯਾਦ ਵਿੱਚ ਦੂਸਰਾ ਸੱਭਿਆਚਾਰਕ ਮੇਲਾ ਕਰਵਾਇਆ ਗਿਆ ਜਿਸ ਵਿੱਚ ਸੰਸਾਰ ਪ੍ਰਸਿੱਧ ਕਲਾਕਾਰ ਸਤਿੰਦਰ ਬੁੱਗਾ, ਧੀਰਾ ਗਿੱਲ, ਅਸ਼ੋਕ ਗਿੱਲ, ਸੁਰਿੰਦਰ ਫ਼ਰਿਸ਼ਤਾ ਘੁੱਲੇ ਸ਼ਾਹ, ਚਾਚਾ ਬਿਸ਼ਨਾ, ਗਿੰਦੂ ਘੈਂਟ, ਡਾਇਰੈਕਟਰ ਨਸੀਬ ਰੰਧਾਵਾ, ਸ਼ਮੀ ਖਾਨ, ਬੀਬਾ ਕਿਰਨ ਰੰਧਾਵਾ, ਬਬਲੀ ਬਰਾੜ, ਮਨਜੀਤ ਸਾਹਿਰਾ, ਸੁਖਵੀਰ ਸੁੱਖ, ਨਿਸ਼ਾਨ ਉਚੇਵਾਲਾ, ਸੁਰਜੀਤ ਲਾਲਕਾ, ਕਾਬਲ ਖਡੂਰ ਸਾਹਿਬ, ਜਗਜੀਤ ਸੰਧੂ ਆਦਿ ਨੇ ਸੱਭਿਆਚਾਰਕ ਪ੍ਰੋਗ੍ਰਾਮ ਪੇਸ਼ ਕੀਤਾ। ਇਸੇ ਸਬੰਧ 'ਚ ਦੀਵਾਲੀ ਮੌਕੇ ਕਮੇਡੀ ਕਲਾਕਾਰ ਅਤੇ ਗਾਇਕ ਕਾਂਸ਼ੀ ਰਾਮ ਚੰਨ ਨੇ ਆਪਣੇ ਗ੍ਰਹਿ ਵਿਖੇ ਗੋਇੰਦਵਾਲ ਸਾਹਿਬ ਦੇ ਪਤਵੰਤਿਆਂ ਨੂੰ ਸਨਮਾਨਤ ਕੀਤਾ, ਜਿਨ੍ਹਾ 'ਚ ਸ਼੍ਰੋਮਣੀ ਅਕਾਲੀ ਦਲ ਦੇ ਸੂਬਾ ਮੀਤ ਪ੍ਰਧਾਨ ਕੁਲਦੀਪ ਸਿੰਘ ਔਲਖ, ਯੂਥ ਅਕਾਲੀ ਦਲ ਦੇ ਜਰਨਲ ਸਕੱਤਰ ਅਤੇ ਸਾਬਕਾ ਸਰਪੰਚ ਕੁਲਦੀਪ ਸਿੰਘ ਲਾਹੌਰੀਆ, ਬਲਾਕ ਸੰਮਤੀ ਮੈਂਬਰ ਬਲਵਿੰਦਰ ਸਿੰਘ, ਮੈਂਬਰ ਪੰਚਾਇਤ ਅਤੇ ਸਾਬਕਾ ਏ ਐੱਸ ਆਈ ਮੋਹਨ ਸਿੰਘ, ਮੈਂਬਰ ਪੰਚਾਇਤ ਗੁਰਸੇਵਕ ਸਿੰਘ, ਮੈਂਬਰ ਪੰਚਾਇਤ ਬਲਬੀਰ ਸਿੰਘ, ਨੰਬਰਦਾਰ ਅਮਰਜੀਤ ਸਿੰਘ ਰਾਠੌਰ, ਪੰਜਾਬ ਰਾਜਪੂਤ ਕੌਂਸਲ ਦੇ ਜ਼ਿਲ੍ਹਾ ਪ੍ਰਧਾਨ ਹਰਭਜਨ ਸਿੰਘ ਰਾਠੌਰ, ਯੂਥ ਅਕਾਲੀ ਦਲ ਦੇ ਮੀਤ ਪ੍ਰਧਾਨ ਵਰਿੰਦਰ ਸਿੰਘ ਜੋਤੀ, ਸ਼ਹੀਦ ਬਾਬਾ ਜੀਵਨ ਸਿੰਘ ਵੈਲਫ਼ੇਅਰ ਸੁਸਾਇਟੀ ਦੇ ਚੇਅਰਮੈਨ ਗੁਰਨਾਮ ਸਿੰਘ ਖੋਖਰ ਅਤੇ ਪ੍ਰਧਾਨ ਗੁਰਮੀਤ ਸਿੰਘ ਆਦੀਵਾਲ, ਸਾਬਕਾ ਮੈਂਬਰ ਪੰਚਾਇਤ ਮੱਸਾ ਸਿੰਘ, ਸਾਬਕਾ ਏ ਐਸ ਆਈ ਤਰਸੇਮ ਸਿੰਘ, ਸਾਬਕਾ ਮੈਂਬਰ ਪੰਚਾਇਤ ਹਰਜੀਤ ਸਿੰਘ ਠੇਕੇਦਾਰ, ਸਾਬਕਾ ਮੈਂਬਰ ਪੰਚਾਇਤ ਸ਼ੇਰ ਸਿੰਘ ਰਾਠੌਰ, ਸੁਖਬੀਰ ਸਿੰਘ ਫੌਜੀ, ਯੂਥ ਆਗੂ ਪਰਮਪਾਲ ਸਿੰਘ, ਰੁਪਿੰਦਰ ਸਿੰਘ ਡਿੰਪਲ ਲਾਹੌਰੀਆ, ਸਰਵਣ ਸਿੰਘ ਸੰਮਾ ਲਾਹੌਰੀਆ, ਅਜੈਬ ਸਿੰਘ, ਬੀਬੀ ਕਸ਼ਮੀਰ ਕੌਰ ਆਦਿ ਨੇ ਹਾਜ਼ਰੀ ਭਰੀ। ਇਸ ਮੌਕੇ ਪੰਜਾਬ ਦੇ ਪ੍ਰਸਿੱਧ ਕਮੇਡੀਅਨ ਅਤੇ ਕਲਾਕਾਰ ਕਾਂਸ਼ੀ ਰਾਮ ਚੰਨ ਨੇ ਸਭ ਨੂੰ ਜੀ ਆਇਆਂ ਕਿਹਾ ਤੇ ਸਨਮਾਨਤ ਕੀਤਾ।

# ਵਿਰਾਸਤੀ ਸੈਰ ਨੂੰ ਡਿਜੀਟਲ ਰੂਪ ਇਤਿਹਾਸ ਤੇ ਵਿਰਸੇ ਦੇ ਪਸਾਰ ਲਈ ਦਿੱਤਾ : ਡਿਪਟੀ ਕਮਿਸ਼ਨਰ

**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**- ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਅੰਮ੍ਰਿਤਸਰ ਦੇ ਪੁਰਾਤਨ ਇਤਿਹਾਸ ਅਤੇ ਵਿਰਸੇ ਦੇ ਪਸਾਰ ਲਈ ਸ਼ੁਰੂ ਕੀਤੀ ਗਈ ਵਿਰਾਸਤੀ ਸੈਰ ਨੂੰ ਹਾਲ ਹੀ ਵਿੱਚ ਡਿਜੀਟਲ ਰੂਪ ਦੇ ਕੇ ਕਿਊ ਆਰ ਕੋਡ ਨਾਲ ਨਵੀਂ ਪੀੜ੍ਹੀ ਤੱਕ ਪਸਾਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਕੋਡ ਜ਼ਰੀਏ ਕੋਈ ਵੀ ਸੈਲਾਨੀ ਆਪਣੇ ਮੋਬਾਇਲ ਫੋਨ ਤੋਂ ਕੋਡ ਸਕੈਨ ਕਰਕੇ ਉਪਰੋਕਤ ਰਸਤੇ ਅਤੇ ਇਮਾਰਤਾਂ ਦੀ ਜਾਣਕਾਰੀ ਦਾ ਵਿਸਥਾਰ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਭਾਸ਼ਾ ਵਿੱਚ ਜਾਣ ਸਕਦਾ ਹੈ। ਇਨ੍ਹਾਂ ਇਮਾਰਤਾਂ ਵਿੱਚ ਸ਼ਹਿਰ ਦੀਆਂ ਵਿਰਾਸਤੀ ਇਮਾਰਤਾਂ ਟਾਊਨ ਹਾਲ, ਗੁਰਦੁਆਰਾ ਸਾਰਾਗੜ੍ਹੀ, ਕਿਲਾ ਆਹਲੂਵਾਲੀਆ, ਜਲੇਬੀਆਂ ਵਾਲਾ ਚੌਕ, ਉਦਾਸੀਨ ਆਸ਼ਰਮ ਅਖਾੜਾ ਸੰਘਲਵਾਲਾ, ਚਿੱਟਾ ਅਖਾੜਾ, ਦਰਸ਼ਨੀ ਡਿਊੜੀ , ਬਾਬਾ ਬੋਹੜ, ਠਾਕੁਰਦੁਆਰਾ ਦਰਿਆਨਾ ਮੱਲ, ਚੌਰਸਤੀ ਅਟਾਰੀ, ਠਾਕੁਰਦੁਆਰਾ ਰਾਏ ਕਿਸ਼ਨ ਚੰਦ, ਸਾਹਨੀ ਮੰਦਰ, ਠਾਕੁਰਦੁਆਰਾ ਰਾਜਾ ਤੇਜ ਸਿੰਘ, ਕਰਾਲਿੰਗ ਸਟਰੀਟ, ਪ੍ਰਾਚੀਨ ਰਸਤਾ ਆਦਿ ਜ਼ਿਕਰਯੋਗ ਹੈ। ਉਪਰੋਕਤ ਸਥਾਨਾਂ ਬਾਰੇ ਇਸ ਕੋਡ ਜ਼ਰੀਏ ਤਸਵੀਰਾਂ ਨਾਲ ਸਾਰਾ ਇਤਿਹਾਸ ਸਰੋਤੇ ਦੇ ਸਾਹਮਣੇ ਇੱਕ ਕਿਤਾਬ ਵਾਂਗ ਖੁੱਲ੍ਹਦਾ ਹੈ।



ਇਸ ਵਿੱਚ ਕਟੜਾ ਆਹਲੂਵਾਲੀਆ ਦੇ ਵਿਚਾਲੇ ਪੈਂਦਾ ਚੌਕ ਜਿਸ ਵਿੱਚ ਜਲੇਬ ਬਣਾਉਣ ਦੀ ਪੁਰਾਣੀ ਦੁਕਾਨ ਹੋਣ ਕਾਰਨ ਇਸ ਨੂੰ ਬਹੁਤੇ ਲੋਕ ਜਲੇਬੀਆਂ ਵਾਲਾ ਚੌਕ ਕਰਕੇ ਵੀ ਜਾਣਦੇ ਹਨ ਪਰ ਵਿਭਾਗ ਦੇ ਲਿਟਰੇਚਰ ਅਤੇ ਬੋਰਡਾਂ ਉੱਤੇ ਜਲੇਬੀਆਂ ਵਾਲਾ ਚੌਕ ਲਿਖੇ ਜਾਣ ਉੱਤੇ ਕੁਝ ਲੋਕਾਂ ਵੱਲੋਂ ਪ੍ਰਗਟਾਏ ਇਤਰਾਜ਼ ਨੂੰ ਵੇਖਦੇ ਹੋਏ ਡਿਪਟੀ ਕਮਿਸ਼ਨਰ ਨੇ ਇਹ ਬੋਰਡ ਹਟਵਾ ਦਿੱਤੇ ਹਨ ਅਤੇ ਉਹਨਾਂ ਨੇ ਇਸ ਦਾ ਢੁਕਵਾਂ ਬਦਲ ਦੇਣ ਲਈ ਸੈਰ ਸਪਾਟਾ ਵਿਭਾਗ ਨੂੰ ਹਦਾਇਤ ਕੀਤੀ ਹੈ। ਉਹਨਾਂ ਕਿਹਾ ਕਿ ਸਾਡੀ ਕੋਸ਼ਿਸ਼ ਸ਼ਹਿਰ ਦੀ ਵਿਰਾਸਤ ਅਤੇ ਇਤਿਹਾਸ ਨੂੰ ਅਗਲੀਆਂ ਪੀੜ੍ਹੀਆਂ ਤੱਕ ਸੁਚੱਜੇ ਢੰਗ ਨਾਲ ਪੇਸ਼ ਕਰਨ ਦੀ ਹੈ, ਸੋ ਅਸੀਂ ਇਸ ਦਾ ਇਤਿਹਾਸ ਅਨੁਸਾਰ ਢੁਕਵਾਂ ਬਦਲ ਲੱਭ ਕੇ ਦੇਵਾਂਗੇ।

# ਬਰਾਈਟ ਫਿਊਚਰ ਅਕੈਡਮੀ ਰਾਜਪੁਰਾ 'ਚ ਦੀਵਾਲੀ ਦਾ ਤਿਉਹਾਰ ਮਨਾਇਆ





**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਬੇਟ ਖੇਤਰ ਦੀ ਵਿੱਦਿਅਕ ਸੰਸਥਾ ਬਰਾਈਟ ਫਿਊਚਰ ਅਕੈਡਮੀ ਰਾਜਪੁਰਾ ਵਿਖੇ ਦੀਵਾਲੀ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਰੰਗੋਲੀ ਅਤੇ ਦੀਵੇ ਬਣਾਉਣ, ਸਜਾਉਣ ਅਤੇ ਆਰਟ ਐਂਡ ਕ੍ਰਾਫਟ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਬਹੁਤ ਉਤਸ਼ਾਹ ਨਾਲ ਭਾਗ ਲਿਆ। ਰੰਗੋਲੀ ਮੁਕਾਬਲੇ ਵਿੱਚ ਵਿਦਿਆਰਥੀਆਂ ਨੇ ਰੰਗਾਂ ਅਤੇ ਰਚਨਾਤਮਕਤਾ ਦਾ ਸੁੰਦਰ ਸੁਮੇਲ ਪੇਸ਼ ਕੀਤਾ। ਦੀਵੇ ਬਣਾਉਣ ਅਤੇ ਸਜਾਉਣ ਦੇ ਮੁਕਾਬਲੇ ਵਿੱਚ ਬੱਚਿਆਂ ਨੇ ਰੰਗ-ਬਰੰਗੇ ਰੰਗਾਂ ਅਤੇ ਵਿਲੱਖਣ ਢੰਗਾਂ ਨਾਲ ਦੀਵਿਆਂ ਨੂੰ ਸਜਾਇਆ ਅਤੇ ਕਲਾ ਪ੍ਰਦਰਸ਼ਨੀ ਵਿੱਚ ਵਿਦਿਆਰਥੀਆਂ ਨੇ ਵੱਖ-ਵੱਖ ਹੱਥਾਂ ਨਾਲ ਬਣੀਆਂ ਵਸਤੂਆਂ ਨੂੰ ਦਿਲਕਸ਼ ਅੰਦਾਜ਼ ਵਿੱਚ ਪੇਸ਼ ਕੀਤਾ। ਵਿਦਿਆਰਥੀਆਂ ਨੇ ਕਵਿਤਾਵਾਂ ਅਤੇ ਭਾਸ਼ਣਾਂ ਰਾਹੀਂ ਦੀਵਾਲੀ ਦੀ ਖੁਸ਼ੀ ਨੂੰ ਸਾਂਝਾ ਕੀਤਾ। ਸਕੂਲ ਪ੍ਰਿੰਸੀਪਲ ਗੁਰਸੇਵਕ ਰਿਆੜ ਅਤੇ ਅਧਿਆਪਕ ਨਿਸ਼ਾ ਬਾਵਾ ਨੇ ਵਿਦਿਆਰਥੀਆਂ ਨੂੰ ਗਰੀਨ ਦਿਵਾਲੀ ਮਨਾਉਣ ਲਈ ਪ੍ਰੇਰਿਤ ਕੀਤਾ। ਸਕੂਲ ਦੇ ਮੁੱਖ ਪ੍ਰਬੰਧਕ ਸੰਦੀਪ ਧਾਰੀਵਾਲ ਭੋਜਾ ਨੇ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਸਾਨੂੰ ਸਭ ਨੂੰ ਤਿਉਹਾਰਾਂ ਨੂੰ ਮਿਲਜੁਲ ਕੇ ਮਨਾਉਣਾ ਚਾਹੀਦਾ ਹੈ ਅਤੇ ਕਿਸੇ ਵੀ ਤਿਉਹਾਰ ਨੂੰ ਫਿਰਕੂ ਰੰਗਤ ਦੇਣ ਵਾਲੀਆਂ ਤਾਕਤਾਂ ਦਾ ਵਿਰੋਧ ਕਰਨਾ ਚਾਹੀਦਾ ਹੈ, ਤਿਉਹਾਰ ਚਾਵਾਂ ਅਤੇ ਖੁਸ਼ੀਆਂ ਦੇ ਪ੍ਰਤੀਕ ਹਨ। ਉਹਨਾਂ ਇਸ ਗੱਲ 'ਤੇ ਨਿਰਾਸ਼ਾ ਪ੍ਰਗਟਾਈ ਕਿ ਮਜ਼ਦੂਰ ਅਤੇ ਕਿਸਾਨ ਮੰਡੀਆਂ 'ਚ ਬੜੀ ਮਾਯੂਸੀ ਨਾਲ ਦਿਵਾਲੀ ਦੀ ਰਾਤ ਮਨਾਉਣਗੇ। ਇਸ ਮੌਕੇ ਅਧਿਆਪਕ ਰਵਨੀਤ ਕੌਰ, ਨਿਸਚਲ ਕੌਰ, ਇਸ਼ੀਤਾ ਠਾਕੁਰ, ਸਨੀਤਾ ਮਕੇਰੀਆਂ, ਅਮਨਜੋਤ ਕੌਰ, ਅਕਾਂਕਸ਼ਾ ਠਾਕੁਰ, ਕੁਲਜੀਤ ਕੌਰ ਦਤਾਰਪੁਰ, ਜਸਬੀਰ ਕੌਰ ਕੋਟ ਖਾਨ ਮੁਹੰਮਦ, ਹੀਨਾ ਦੇਵੀ, ਅਨੁਰਾਧਾ, ਲਕਸਮੀ ਸਰਮਾ ਅਤੇ ਅਵਨੀਤ ਕੌਰ ਹਾਜ਼ਰ ਸਨ।

# ਮਾਨਵ ਸ਼ਰਮਾ ਨੇ ਕਜ਼ਾਕਿਸਤਾਨ 'ਚ ਓਪਨ ਏਸ਼ੀਅਨ ਜੂਡੋ ਚੈਂਪੀਅਨਸ਼ਿਪ 'ਚ ਭਾਗ ਲਿਆ



**ਦੀਨਾਨਗਰ (ਸੰਜੀਵ)**-ਦੀਨਾਨਗਰ ਦੇ ਐਸ.ਐਸ.ਐਮ.ਕਾਲਜ ਦੇ ਖਿਡਾਰੀ ਮਾਨਵ ਸ਼ਰਮਾ ਨੇ ਕਜ਼ਾਕਿਸਤਾਨ ਦੇ ਅਕਤਾਉ ਸ਼ਹਿਰ ਵਿੱਚ ਓਪਨ ਏਸ਼ੀਅਨ ਜੂਡੋ ਚੈਂਪੀਅਨਸ਼ਿਪ ਵਿੱਚ ਸ਼ਾਨਦਾਰ ਪ੍ਰਦਰਸ਼ਨ ਨਾਲ ਸੱਤਵਾਂ ਸਥਾਨ ਹਾਸਲ ਕੀਤਾ। ਇਸ ਨਾਲ ਕਾਲਜ ਅਤੇ ਇਲਾਕੇ ਦਾ ਨਾਮ ਰੌਸ਼ਨ ਹੋਇਆ ਹੈ। ਕਾਲਜ ਪਹੁੰਚਣ 'ਤੇ ਪ੍ਰਿੰ. ਡਾ. ਆਰ. ਕੇ ਤੁਲੀ ਅਤੇ ਖੇਡ ਵਿਭਾਗ ਦੇ ਮੁਖੀ ਡਾ. ਮੁਖਵਿੰਦਰ ਸਿੰਘ ਰੰਧਾਵਾ ਨੇ ਯਾਦਗਾਰੀ ਚਿੰਨ੍ਹ ਅਤੇ ਨਕਦ ਰਾਸ਼ੀ ਦੇ ਕੇ ਸਨਮਾਨਤ ਕੀਤਾ। ਪ੍ਰਿੰ. ਡਾ. ਆਰ. ਕੇ ਤੁਲੀ ਨੇ ਸਾਰਿਆਂ ਨੂੰ ਵਧਾਈ ਦਿੱਤੀ। ਖੇਡ ਵਿਭਾਗ ਦੀ ਯੋਗ ਅਗਵਾਈ, ਜੂਡੋ ਕੋਚ ਰਵੀ ਕੁਮਾਰ ਅਤੇ ਸ਼ਹੀਦ ਭਗਤ ਸਿੰਘ ਜੂਡੋ ਕੇਂਦਰ, ਗੁਰਦਾਸਪੁਰ ਦੇ ਹੁਨਰਮੰਦ ਤਜਰਬੇਕਾਰ ਸੰਚਾਲਕ ਅਮਰਜੀਤ ਸ਼ਾਸਤਰੀ ਦੀ ਸ਼ਲਾਘਾ ਕਰਦੇ ਹੋਇ ਖਿਡਾਰੀਆਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

# ਬਾਬਾ ਵਿਸ਼ਵਕਰਮਾ ਨੇ ਦੁਨੀਆ ਨੂੰ ਹੱਥੀਂ ਕਿਰਤ ਦਾ ਸੁਨੇਹਾ ਦਿੱਤਾ : ਧਾਲੀਵਾਲ



**ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)**- ਅਜਨਾਲਾ ਵਿਖੇ ਬਾਬਾ ਵਿਸ਼ਵਕਰਮਾ ਦਿਵਸ ਸਬੰਧੀ ਕਰਵਾਏ ਧਾਰਮਿਕ ਸਮਾਗਮ ਵਿੱਚ ਸ਼ਮੂਲੀਅਤ ਕਰਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਬਾਬਾ ਵਿਸ਼ਵਕਰਮਾ ਜੀ ਨੇ ਦੁਨੀਆ ਭਰ ਦੇ ਲੋਕਾਂ ਨੂੰ ਹੱਥੀਂ ਕਿਰਤ ਕਰਨ ਦਾ ਸੁਨੇਹਾ ਦਿੱਤਾ ਅਤੇ ਸਾਡੇ ਸਭਨਾਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਅੱਜ ਅਸੀਂ ਉਸ ਮਹਾਨ ਸ਼ਖਸੀਅਤ ਦੇ ਦਿਹਾੜੇ ਨੂੰ ਸਮਰਪਤ ਸਮਾਗਮ ਵਿੱਚ ਇਕੱਤਰ ਹੋਏ ਹਾਂ। ਉਨ੍ਹਾਂ ਕਿਹਾ ਕਿ ਬਾਬਾ ਵਿਸ਼ਵਕਰਮਾ ਸਮੁੱਚੀ ਮਨੁੱਖਤਾ ਲਈ ਪ੍ਰੇਰਨਾ ਸਰੋਤ ਹਨ। ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਅੱਜ ਸਮਾਜ ਅੰਦਰ ਫੈਲ ਰਹੇ ਨਸ਼ਿਆਂ ਨੂੰ ਖਤਮ ਕਰਨਾ ਬਹੁਤ ਜ਼ਰੂਰੀ ਹੈ ਅਤੇ ਗੁਰੂ ਸਾਹਿਬਾਨ ਵੱਲੋਂ ਵਿਖਾਏ ਮਾਰਗ 'ਤੇ ਚੱਲ ਕੇ ਹੀ ਨਸ਼ਿਆਂ ਦਾ ਖਾਤਮਾ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਅੱਜ ਲੋੜ ਹੈ ਆਪਣੇ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਿਆ ਜਾਵੇ ਕਿਉਂਕਿ ਇਹੋ ਇੱਕ ਅਜਿਹਾ ਸੱਚਾ ਰਾਹ ਹੈ ਜਿਸ ਨਾਲ ਸਾਡੇ ਬੱਚੇ ਸਮਾਜਿਕ ਲਾਹਣਤਾਂ ਤੋਂ ਬਚਦੇ ਹੋਏ ਸਿਹਤਮੰਦ ਸਮਾਜ ਦੀ ਸਿਰਜਣਾ ਵਿੱਚ ਆਪਣਾ ਯੋਗਦਾਨ ਪਾ ਸਕਦੇ ਹਨ। ਇਸ ਮੌਕੇ ਖੁਸ਼ਪਾਲ ਸਿੰਘ ਧਾਲੀਵਾਲ, ਓ.ਐਸ.ਡੀ ਗੁਰਜੰਟ ਸਿੰਘ ਸੋਹੀ, ਨਗਰ ਪੰਚਾਇਤ ਅਜਨਾਲਾ ਦੇ ਪ੍ਰਧਾਨ ਜਸਪਾਲ ਸਿੰਘ ਢਿੱਲੋਂ, ਸ਼ਹਿਰੀ ਪ੍ਰਧਾਨ ਅਮਿਤ ਔਲ, ਪ੍ਰਧਾਨ ਠੇਕੇਦਾਰ ਵਰਿਆਮ ਸਿੰਘ ਨੰਗਲ, ਬਲਜਿੰਦਰ ਸਿੰਘ ਮਾਹਲ, ਸ਼ਿਵਦੀਪ ਸਿੰਘ ਚਾਹਲ, ਕਾਬਲ ਸਿੰਘ ਸ਼ਾਹਪੁਰ, ਸੁੱਖਵਿੰਦਰ ਸਿੰਘ ਨਾਗੀ, ਕਰਤਾਰ ਸਿੰਘ, ਤਰਸੇਮ ਸਿੰਘ, ਅਮਰਜੀਤ ਸਿੰਘ, ਰਣਜੀਤ ਸਿੰਘ ਅਤੇ ਹੋਰ ਵਿਅਕਤੀ ਹਾਜ਼ਰ ਸਨ। ਧਾਲੀਵਾਲ ਨੇ ਮਿਸਤਰੀ ਕਰਤਾਰ ਸਿੰਘ ਨੂੰ ਸਿਰੋਪਾ ਦੇ ਕੇ ਸਨਮਾਨਤ ਕੀਤਾ।

# ਉਪਹਾਰ ਤੇ ਮਠਿਆਈਆਂ ਦੀ ਖਰੀਦਦਾਰੀ ਨੇ ਰਿਕਾਰਡ ਤੋੜੇ



**ਅੰਮ੍ਰਿਤਸਰ (ਅਰੋੜਾ)**- ਅੱਜ ਦੇ ਇਸ ਆਧੁਨਿਕ ਯੁਗ ਵਿੱਚ ਜਦ ਕਿ ਪੂਰੇ ਭਾਰਤ ਵਿੱਚ ਮਹਿੰਗਾਈ ਦਾ ਬੋਲਬਾਲਾ ਹੈ, ਇਸ ਦੇ ਬਾਵਜੂਦ ਭਾਰਤ ਦੇ ਨਾਗਰਿਕ ਆਪਣੇ ਪੁਰਾਤਨ ਇਤਿਹਾਸ ਨੂੰ ਕਾਇਮ ਰੱਖਦੇ ਹੋਏ ਆਪਣੇ ਸਾਰੇ ਤਿਉਹਾਰ ਬੜੀ ਸ਼ਰਧਾ ਅਤੇ ਧੂਮਧਾਮ ਦੇ ਨਾਲ ਮਨਾਉਂਦੇ ਹਨ। ਤਿਉਹਾਰਾਂ 'ਤੇ ਹੋਣ ਵਾਲੇ ਖਰਚ ਦੀ ਪਰਵਾਹ ਨਹੀ ਕੀਤੀ ਜਾਂਦੀ। ਇਸ ਗੱਲ ਦਾ ਸਬੂਤ ਇਸ ਵਾਰ ਦੀਵਾਲੀ ਦੇ ਪਵਿੱਤਰ ਤਿਉਹਾਰ ਨੂੰ ਜਨਤਾ ਵੱਲੋਂ ਮਨਾਏ ਜਾਣ ਤੋਂ ਮਿਲਦਾ ਹੈ। ਲੋਕ ਇਸ ਵਾਰ ਅਸਮੰਜਸ ਵਿੱਚ ਹੋਣ ਕਾਰਨ ਇਸ ਗੱਲ ਦਾ ਫੈਸਲਾ ਨਹੀ ਲੈ ਸਕੇ ਕਿ ਦੀਵਾਲੀ 31 ਅਕਤੂਬਰ ਨੂੰ ਮਨਾਈ ਜਾਵੇ ਜਾਂ 1 ਨਵੰਬਰ ਨੂੰ। ਪਰ ਇਹ ਗੱਲ ਦੇਖਣ ਨੂੰ ਮਿਲੀ ਹੈ ਕਿ ਲੋਕਾਂ ਨੇ ਪੰਡਿਤਾਂ ਦੀਆਂ ਗੱਲਾਂ ਦਾ ਵਿਸ਼ਵਾਸ ਨਾ ਕਰਦੇ ਹੋਏ ਦੀਵਾਲੀ ਲਗਾਤਾਰ ਦੋ ਦਿਨ ਮਨਾਈ। ਕੁਝ ਲੋਕਾਂ ਨੇ ਲਸ਼ਮੀ ਮਾਂ ਦੀ ਪੂਜਾ ਵੀ ਦੋ ਦਿਨ ਕੀਤੀ। ਸਭ ਤੋਂ ਜ਼ਿਆਦਾ ਹੈਰਾਨੀ ਦੀ ਗੱਲ ਇਹ ਰਹੀ ਕਿ ਲਗਾਤਾਰ ਦੋ ਦਿਨ ਆਤਿਸ਼ਬਾਜ਼ੀ ਅਤੇ ਮਠਿਆਈਆਂ ਦੀ ਵਿਕਰੀ ਬਹੁਤ ਜ਼ਿਆਦਾ ਹੋਈ। ਲੋਕਾਂ ਨੂੰ ਲਗਾਤਾਰ ਦੋ ਦਿਨ ਮਠਿਆਈਆਂ ਅਤੇ ਉਪਹਾਰਾਂ ਦੀਆਂ ਦੁਕਾਨਾਂ ਤੇ ਖਰੀਦਦਾਰੀ ਕਰਦੇ ਹੋਏ ਦੇਖਿਆ ਗਿਆ। ਦੁਕਾਨਦਾਰਾਂ ਨੂੰ ਆਪਣੀਆਂ ਦੁਕਾਨਾ ਸਮੇਟਣ ਲਈ ਦੋ ਦਿਨ ਮਿਹਨਤ ਕਰਦੇ ਹੋਏ ਦੇਖਿਆ ਗਿਆ। ਇਸ ਸਬੰਧ ਵਿੱਚ ਕੁਝ ਦੁਕਾਨਦਾਰਾਂ ਜਿਸ ਵਿੱਚ ਖਾਲਸਾ ਕਾਲਜ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਹਮਣੇ ਕਬੀਰ ਪਾਰਕ, ਖੰਡਵਾਲਾ ਚੌਂਕ ਦੇ ਦੁਕਾਨਦਾਰਾਂ ਦੇ ਨਾਲ ਗੱਲਬਾਤ ਕੀਤੀ ਦਾਂ ਉਨ੍ਹਾਂ ਕਿਹਾ ਕਿ ਇਸ ਦਾ ਲਾਭ ਦੁਕਾਨਦਾਰਾਂ ਨੂੰ ਇਹ ਹੋਇਆ ਹੈ ਕਿ ਜੋ ਭੀੜ ਇੱਕ ਦਿਨ ਵਿੱਚ ਗ੍ਰਾਹਕਾਂ ਦੀ ਹੁੰਦੀ ਸੀ ਉਹ ਦੋ ਦਿਨਾਂ ਵਿੱਚ ਵੰਡੀ ਗਈ। ਰਾਜਬੀਰ ਰਾਜਪ੍ਰੋਹਿਤ, ਚੈਨ ਸਿੰਘ, ਭਾਗੀਰਥ ਸਿੰਘ, ਭਵਾਨੀ ਸਿੰਘ, ਜੇਟੂ ਸਿੰਘ, ਸਤਨਾਮ ਪਹਿਲਵਾਨ, ਦੇਵ ਪ੍ਰਤਾਪ, ਸ਼ਿਵਮ ਆਦਿ ਨੇ ਦੱਸਿਆ ਕਿ ਦੀਵਾਲੀ ਤੇ ਮਠਿਆਈ ਅਤੇ ਉਪਹਾਰ ਦੀ ਵਿਕਰੀ ਦੇ ਸਾਰੇ ਰਿਕਾਰਡ ਟੁੱਟੇ ਹਨ। ਗ੍ਰਾਹਕਾਂ ਨੇ ਦੋ ਦਿਨ ਲਗਾਤਾਰ ਖੁੱਲ੍ਹੇ ਦਿਲ ਨਾਲ ਖਰੀਦਦਾਰੀ ਕੀਤੀ ਹੈ। ਇਸ ਵਾਰ ਸਾਰੇ ਦੁਕਾਨਦਾਰਾਂ ਅਤੇ ਵਪਾਰੀਆਂ ਦੇ ਲਈ ਦੀਵਾਲੀ ਬਹੁਤ ਹੀ ਸ਼ੁੱਭ ਹੀ ਸਾਬਿਤ ਹੋਈ।

# ਖਰਚਾ ਆਬਜ਼ਰਵਰ ਦੀ ਮੌਜੂਦਗੀ 'ਚ ਚੋਣ ਉਮੀਦਵਾਰਾਂ ਦੇ ਖਰਚਾ ਰਜਿਸਟਰ ਚੈੱਕ ਕੀਤੇ



**ਗੁਰਦਾਸਪੁਰ (ਜਨਕ ਮਹਾਜਨ)**- ਖਰਚਾ ਆਬਜ਼ਰਵਰ ਸ੍ਰੀ ਪੀ. ਪਚਿਯੱਪਨ ਦੀ ਹਾਜ਼ਰੀ ਵਿੱਚ ਡੇਰਾ ਬਾਬਾ ਨਾਨਕ ਜ਼ਿਮਨੀ ਚੋਣ ਲੜ ਰਹੇ ਉਮੀਦਵਾਰਾਂ ਦੇ ਖਰਚਾ ਰਜਿਸਟਰ ਚੈੱਕ ਕੀਤੇ ਗਏ। ਸਥਾਨਕ ਪੰਚਾਇਤ ਭਵਨ ਵਿਖੇ ਉਨ੍ਹਾਂ ਵਲੋਂ ਜ਼ਿਮਨੀ ਚੋਣ ਲੜ ਰਹੇ ਉਮੀਦਵਾਰਾਂ ਦੇ ਚੋਣ ਏਜੰਟ ਮੀਟਿੰਗ ਵਿੱਚ ਪਹੁੰਚੇ। ਇਸ ਮੌਕੇ ਚੋਣ ਏਜੰਟਾਂ ਨੂੰ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਤਹਿਤ ਖਰਚਾ ਰਜਿਸਟਰ ਮੈਨਟੇਨ ਰੱਖਣ ਲਈ ਕਿਹਾ ਗਿਆ। ਉਮੀਦਵਾਰਾਂ ਦੇ ਖ਼ਰਚਾ ਰਜਿਸਟਰਾਂ ਦਾ ਸ਼ੈਡੋ ਰਜਿਸਟਰਾਂ ਨਾਲ ਮਿਲਾਣ ਕੀਤਾ ਗਿਆ। ਉਨ੍ਹਾਂ ਅੱਗੇ ਦੱਸਿਆ ਕਿ ਖਰਚਾ ਰਜਿਸਟਰ ਦਾ ਦੂਜਾ ਨਿਰੀਖਣ 5 ਨਵੰਬਰ ਸਵੇਰੇ 10 ਵਜੇ ਅਤੇ ਤੀਸਰਾ ਨਿਰੀਖਣ 9 ਨਵੰਬਰ ਸਵੇਰੇ 10 ਵਜੇ ਇਹ ਤਿੰਨੋਂ ਦਿਨ ਪੰਚਾਇਤ ਭਵਨ ਗੁਰਦਾਸਪੁਰ ਵਿਖੇ ਉਮੀਦਵਾਰਾਂ ਦੇ ਖ਼ਰਚਾ ਰਜਿਸਟਰਾਂ ਦਾ ਸ਼ੈਡੋ ਰਜਿਸਟਰਾਂ ਨਾਲ ਮਿਲਾਣ ਕੀਤਾ ਜਾਵੇਗਾ। ਭਾਰਤ ਚੋਣ ਕਮਿਸ਼ਨ ਵੱਲੋਂ ਜ਼ਿਮਨੀ ਚੋਣ ਡੇਰਾ ਬਾਬਾ ਨਾਨਕ ਵਿੱਚ ਹਿੱਸਾ ਲੈਣ ਵਾਲੇ ਉਮੀਦਵਾਰ ਲਈ 40 ਲੱਖ ਰੁਪਏ ਤੱਕ ਚੋਣ ਖ਼ਰਚੇ ਦੀ ਹੱਦ ਮਿਥੀ ਗਈ ਹੈ। ਚੋਣ ਦਫ਼ਤਰ ਵੱਲੋਂ ਵੀ ਸ਼ੈਡੋ ਰਜਿਸਟਰ ਲਗਾ ਕੇ ਉਮੀਦਵਾਰਾਂ ਦੇ ਚੋਣ ਖ਼ਰਚੇ ਦਾ ਹਿਸਾਬ ਰੱਖਿਆ ਜਾ ਰਿਹਾ ਹੈ।

# ਸੰਨੀ ਮਹਾਜਨ ਪੀ ਸੀ ਏ ਮੁਹਾਲੀ ਦਾ ਉਮਰ ਭਰ ਲਈ ਮੈਂਬਰ ਨਿਯੁਕਤ



**ਪਠਾਨਕੋਟ (ਦਵਿੰਦਰ ਸਿੰਘ)**-ਪਠਾਨਕੋਟ ਦੇ ਪ੍ਰਤਾਪ ਵਰਲਡ ਸਕੂਲ, ਪੀ ਡਬਲਯੂ ਐਸ ਅਰਲੀ ਈਅਰਜ਼ ਅਤੇ ਮੋਸ਼ਨ ਪਠਾਨਕੋਟ ਦੇ ਡਾਇਰੈਕਟਰ ਸੰਨੀ ਮਹਾਜਨ ਨੂੰ ਪੰਜਾਬ ਕ੍ਰਿਕਟ ਐਸੋਸੀਏਸ਼ਨ (ਪੀ. ਸੀ. ਏ.) ਮੁਹਾਲੀ ਦਾ ਉਮਰ ਭਰ ਮੈਂਬਰ ਬਣਨ ਦਾ ਸਨਮਾਨ ਮਿਲਿਆ ਹੈ। ਇਹ ਵੱਕਾਰੀ ਮਾਨਤਾ ਪਠਾਨਕੋਟ ਵਿੱਚ ਕ੍ਰਿਕਟ ਦੇ ਪ੍ਰਚਾਰ ਅਤੇ ਵਿਕਾਸ ਵਿੱਚ ਉਨ੍ਹਾਂ ਦੇ ਦਸ ਸਾਲਾਂ ਦੇ ਯੋਗਦਾਨ ਨੂੰ ਦਰਸਾਉਂਦੀ ਹੈ, ਜਿਸ ਵਿੱਚ ਉਨ੍ਹਾਂ ਨੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਦੇ ਆਯੋਜਨ, ਸਥਾਨਕ ਬੁਨਿਆਦੀ ਢਾਂਚੇ ਵਿੱਚ ਸੁਧਾਰ ਲਈ ਕ੍ਰਿਕਟ ਟੀਮਾਂ ਨੂੰ ਸਪਾਂਸਰ ਕਰਨ ਵਰਗੇ ਕਈ ਮਹੱਤਵਪੂਰਨ ਕੰਮ ਕੀਤੇ ਹਨ। ਉਨ੍ਹਾਂ ਦੀਆਂ ਪਹਿਲਕਦਮੀਆਂ ਵਿੱਚ ਮਹਾਨ ਕ੍ਰਿਕਟਰ ਹਰਭਜਨ ਸਿੰਘ ਦੇ ਸਹਿਯੋਗ ਨਾਲ ਪਠਾਨਕੋਟ ਵਿੱਚ ਪਹਿਲੀ ਅੰਤਰਰਾਸ਼ਟਰੀ ਕ੍ਰਿਕਟ ਅਕੈਡਮੀ ਦੀ ਸਥਾਪਨਾ ਸ਼ਾਮਲ ਹੈ। ਧੰਨਵਾਦ ਪ੍ਰਗਟ ਕਰਦੇ ਹੋਏ ਮਹਾਜਨ ਨੇ ਕਿਹਾ, ਮੈਂ ਪੀ. ਸੀ. ਏ. ਦੁਆਰਾ ਸਨਮਾਨਤ ਅਤੇ ਮਾਨਤਾ ਪ੍ਰਾਪਤ ਕਰਨ ਲਈ ਬਹੁਤ ਧੰਨਵਾਦੀ ਹਾਂ। ਮੈਂ ਭਰੋਸਾ ਦਿਵਾਉਂਦਾ ਹਾਂ ਕਿ ਮੈਂ ਪਠਾਨਕੋਟ ਅਤੇ ਇਸ ਤੋਂ ਬਾਹਰ ਕ੍ਰਿਕਟ ਪ੍ਰਤਿਭਾ ਦਾ ਸਮਰਥਨ ਕਰਨ ਅਤੇ ਪਾਲਣ ਪੋਸ਼ਣ ਲਈ ਸਖਤ ਮਿਹਨਤ ਕਰਨਾ ਜਾਰੀ ਰੱਖਾਂਗਾ।ਉਨ੍ਹਾਂ ਨੇ ਨੌਜਵਾਨ ਕ੍ਰਿਕਟਰਾਂ ਨੂੰ ਆਪਣੇ ਹੁਨਰ ਨੂੰ ਵਿਕਸਤ ਕਰਨ ਲਈ ਮੌਕੇ ਅਤੇ ਵਿਸ਼ਵ ਪੱਧਰੀ ਸਹੂਲਤਾਂ ਪ੍ਰਦਾਨ ਕਰਨ ਪ੍ਰਤੀ ਆਪਣੀ ਵਚਨਬੱਧਤਾ 'ਤੇ ਜ਼ੋਰ ਦਿੱਤਾ।ਕ੍ਰਿਕਟ ਐਸੋਸੀਏਸ਼ਨ ਪਠਾਨਕੋਟ ਨੇ ਇਸ ਮਹੱਤਵਪੂਰਨ ਪ੍ਰਾਪਤੀ ਲਈ ਮਹਾਜਨ ਨੂੰ ਵਧਾਈ ਦਿੱਤੀ ਅਤੇ ਮੈਂਬਰਾਂ ਨੇ ਜ਼ਿਲ੍ਹੇ ਦੇ ਕ੍ਰਿਕਟ ਦ੍ਰਿਸ਼ ਨੂੰ ਸਮ੍ਰਿੱਧ ਬਣਾਉਣ ਲਈ ਉਨ੍ਹਾਂ ਦੇ ਦ੍ਰਿਸ਼ਟੀਕੋਣ ਅਤੇ ਸਮਰਪਣ ਦੀ ਸ਼ਲਾਘਾ ਕੀਤੀ।

# ਸਰਬਜੀਤ ਕੌਰ ਦੇ ਪਰਵਾਰ ਨੇ ਸਕੂਲੀ ਵਿਦਿਆਰਥੀਆਂ ਨੂੰ ਵੰਡੀਆਂ ਬੂਟ, ਜੁਰਾਬਾਂ ਤੇ ਕੋਟੀਆਂ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਰਿਟਾ. ਲੈਕਚਰਾਰ ਗੁਰਮੀਤ ਸਿੰਘ ਲੁੱਗਾ ਦੀ ਪ੍ਰੇਰਣਾ ਸਦਕਾ ਐਨ ਆਰ ਆਈ ਸਰਬਜੀਤ ਕੌਰ ਪਤਨੀ ਗੋਰਖਨਾਥ ਵਾਸੀ ਰੁੜਕੀ ਵਲੋਂ ਸਰਦੀ ਦੇ ਮੌਸਮ ਨੂੰ ਮੱਦੇਨਜਰ ਰੱਖਦੇ ਹੋਏ ਸਰਕਾਰੀ ਪ੍ਰਾਇਮਰੀ ਤੇ ਹਾਈ ਸਕੂਲ ਪਿੰਡ ਰੁੜਕੀ ਦੇ ਵਿਦਿਆਰਥੀਆਂ ਨੂੰ ਬੂਟ, ਜੁਰਾਬਾਂ ਤੇ ਕੋਟੀਆਂ ਦੀ ਵੰਡ ਕੀਤੀ ਗਈ। ਐਨ.ਆਰ.ਆਈ. ਪਰਿਵਾਰ ਵਲੋਂ ਉਕਤ ਸਮੱਗਰੀ ਦੀ ਵੰਡ ਕਰਨ ਲਈ ਰਿਟਾ. ਪ੍ਰਿੰਸੀਪਲ ਜਸਵਿੰਦਰ ਸਿੰਘ ਬੰਗੜ ਵਾਸੀ ਲੱਖਪੁਰ ਵਿਸ਼ੇਸ਼ ਤੌਰ 'ਤੇ ਸਕੂਲ ਪੁੱਜੇ। ਉਹਨਾਂ ਨੇ ਦੱਸਿਆ ਕਿ ਐਨ.ਆਰ.ਆਈ. ਸਰਬਜੀਤ ਕੌਰ ਦਾ ਪਰਿਵਾਰ ਵਿਦੇਸ਼ 'ਚ ਰਹਿੰਦੇ ਹੋਏ ਵੀ ਆਪਣੇ ਵਤਨ ਅਤੇ ਪੰਜਾਬ ਦੀ ਮਿੱਟੀ ਨਾਲ ਜੁੜਿਆ ਹੋਇਆ ਹੈ। ਇਸ ਪਰਵਾਰ ਵਲੋਂ ਗਰੀਬ ਪਰਵਾਰਾਂ ਦੇ ਬੱਚਿਆਂ ਦੀ ਪੜ੍ਹਾਈ ਲਈ ਅਕਸਰ ਉਪਰਾਲੇ ਕੀਤੇ ਜਾਂਦੇ ਹਨ। ਇਸ ਮੌਕੇ ਸਰਪੰਚ ਊਸ਼ਾ ਰਾਣੀ ਰੁੜਕੀ, ਸਰਪੰਚ ਸੁਮਨ ਧੀਨਪੁਰਾ ਅਤੇ ਸਕੂਲ ਇੰਚਾਰਜ ਦੀਪ ਕੁਮਾਰ ਤੇ ਸਟਾਫ ਵਲੋਂ ਐਨ.ਆਰ.ਆਈ. ਪਰਿਵਾਰ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਰਿਟਾ. ਲੈਕਚਰਾਰ ਗੁਰਮੀਤ ਸਿੰਘ ਲੁੱਗਾ ਤੇ ਰਿਟਾ. ਪ੍ਰਿੰਸੀਪਲ ਜਸਵਿੰਦਰ ਸਿੰਘ ਬੰਗੜ ਦਾ ਵੀ ਖਾਸ ਤੌਰ 'ਤੇ ਧੰਨਵਾਦ ਕੀਤਾ ਗਿਆ। ਇਸ ਮੌਕੇ ਰਿਟਾ. ਹੈੱਡ ਮਾਸਟਰ ਨਰੇਸ਼ ਕੋਹਲੀ, ਲੈਕਚਰਾਰ ਹਰਜਿੰਦਰ ਗੋਗਨਾ, ਪ੍ਰਿਅੰਕਾ ਕੁਮਾਰੀ, ਸਰਬਜੀਤ ਕੌਰ, ਖਰੈਤੀ ਲਾਲ, ਚਮਨ ਲਾਲ ਪੰਚ, ਨਵਜੋਤ ਰਾਣੀ, ਲੱਕੀ ਪੰਚ ਆਦਿ ਹਾਜ਼ਰ ਸਨ।

# ਪੰਜਾਬ ਨਿਰਮਾਣ ਮਜ਼ਦੂਰ ਯੂਨੀਅਨ ਨੇ ਮਨਾਇਆ ਵਿਸ਼ਵਕਰਮਾ ਦਿਵਸ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਅੱਜ ਪੰਜਾਬ ਨਿਰਮਾਣ ਮਜ਼ਦੂਰ ਯੂਨੀਅਨ ਸਬੰਧਤ ਸੀ ਟੀ ਯੂ ਪੰਜਾਬ ਵਲੋਂ ਕਾਮਰੇਡ ਸੰਤੋਖ ਸਿੰਘ ਜੌੜੀਆਂ ਖੁਰਦ ਦੀ ਅਗਵਾਈ ਹੇਠ ਪਿੰਡ ਚੰਦੂਨੰਗਲ ਵਿਖੇ ਕਿਰਤ ਦੇ ਦੇਵਤਾ ਬਾਬਾ ਵਿਸ਼ਵਕਰਮਾ ਦੇ ਦਿਵਸ ਸਮੂਹ ਸੰਗਤਾਂ ਲਈ ਲੰਗਰ ਦਾ ਪ੍ਰਬੰਧ ਕੀਤਾ ਗਿਆ।

ਇਸ ਮੌਕੇ ਕਾਮਰੇਡ ਸੰਤੋਖ ਸਿੰਘ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਮਜ਼ਦੂਰ ਵਿਰੋਧੀ ਨੀਤੀਆਂ ਕਾਰਨ ਮਜ਼ਦੂਰਾਂ ਦੀ ਭਲਾਈ ਲਈ ਬਣੇ 44 ਕਿਰਤ ਕਾਨੂੰਨਾਂ ਵਿੱਚ ਸੋਧ ਕਰਕੇ 4 ਕੋਡਾਂ ਵਿਚ ਤਬਦੀਲ ਕਰਕੇ ਮਜ਼ਦੂਰਾਂ ਨੂੰ ਮਿਲਦੀਆਂ ਸਹੂਲਤਾਂ ਇਕ ਇਕ ਕਰਕੇ ਖੋਹੀਆਂ ਜਾ ਰਹੀਆਂ ਹਨ। ਸਾਥੀ ਸੰਤੋਖ ਸਿੰਘ ਨੇ ਕਿਹਾ ਕਿ ਨਿਰਮਾਣ ਮਜ਼ਦੂਰਾਂ ਦਾ ਕੰਮ ਆਨਲਾਈਨ ਦੇ ਨਾਲ ਨਾਲ ਆਫਲਾਈਨ ਕਰਕੇ ਨਿਰਮਾਣ ਮਜ਼ਦੂਰਾਂ ਦੇ ਸਹੂਲਤਾਂ ਦੇ ਬਕਾਏ ਪੈਸੇ ਤੁਰੰਤ ਮਜ਼ਦੂਰਾਂ ਦੇ ਬੈਂਕ ਖਾਤੇ ਵਿਚ ਪਾਏ ਜਾਣ। ਇਸ ਮੌਕੇ ਡੀ ਟੀ ਐਫ਼ ਦੇ ਜ਼ਿਲ੍ਹਾ ਪ੍ਰਧਾਨ ਪਲਵਿੰਦਰ ਸਿੰਘ ਰੰਧਾਵਾ, ਅਮਰੀਕ ਸਿੰਘ ਨਿਕੋਸਰਾਂ, ਕਰਤਾਰ ਸਿੰਘ ਫੌਜੀ , ਦਲਜੀਤ ਸਿੰਘ ਸੌਖੀ, ਬਲਜਿੰਦਰ ਸਿੰਘ ਡੇਰਾ, ਤਰਲੋਕ ਸਿੰਘ ਜੋੜੀਆਂ ਖੁਰਦ, ਬਲਵਿੰਦਰ ਸਿੰਘ, ਜੋਧਾਂ ਸਿੰਘ, ਬੰਤਾ ਸਿੰਘ , ਸਵਿੰਦਰ ਸਿੰਘ, ਪਿਆਰਾ ਸਿੰਘ ,ਹਰੀ ਸਿੰਘ,ਉਧਮਜੀਤ ਸਿੰਘ, ਅਵਤਾਰ ਸਿੰਘ, ਪੰਡਤ ਕੀਮਤੀ ਲਾਲ, ਹਰਮੇਸ਼ ਕੁਮਾਰ ਮੇਸ਼ੀ, ਫੂਲ ਕੁਮਾਰ ਚੋਪੜਾ ਆਦਿ ਹਾਜ਼ਰ ਸਨ।

# ਬਾਬਾ ਬੰਦਾ ਸਿੰਘ ਬਹਾਦਰ ਕਾਲਜ ਆਫ ਐਜੂਕੇਸ਼ਨ ਵਿਖੇ ਮਨਾਈ ਦੀਵਾਲੀ




**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਬਾਬਾ ਬੰਦਾ ਸਿੰਘ ਬਹਾਦਰ ਕਾਲਜ ਆਫ ਐਜੂਕੇਸ਼ਨ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਦੀਵਾਲੀ ਦਾ ਤਿਉਹਾਰ ਬਹੁਤ ਹੀ ਧੂਮਧਾਮ ਨਾਲ ਮਨਾਇਆ ਗਿਆ।

ਇਸ ਮੌਕੇ ਡਾ. ਮਨਜੀਤ ਕੌਰ ਹੁੰਦਲ (ਮੈਂਬਰ ਆਫ ਐਡਵਾਈਜ਼ਰੀ ਬੋਰਡ ਮਾਊਂਟ ਲਿਟਰਾ ਜੀ ਸਕੂਲ ਪਠਾਨਕੋਟ) ਅਤੇ ਡਾ. ਰਜਿੰਦਰ ਕੌਰ (ਪ੍ਰਿੰਸੀਪਲ ਹਿੰਦੂ ਕੰਨਿਆ ਮਹਾਂਵਿਦਿਆਲਿਆ ਕਾਲਜ ਧਾਰੀਵਾਲ) ਨੇ ਸ਼ਿਰਕਤ ਕੀਤੀ। ਇਸ ਮੌਕੇ ਕਾਲਜ ਵਿੱਚ ਰੈੱਡ ਰਿਬਨ ਕਲੱਬ ਵੱਲੋਂ ਪ੍ਰਦੂਸ਼ਣ ਰਹਿਤ ਦੀਵਾਲੀ ਮਨਾਉਣ ਦਾ ਸੁਨੇਹਾ ਦਿੱਤਾ ਗਿਆ ਇਸ ਲਈ ਕਾਲਜ ਦੀ ਸਮੂਹ ਸਟਾਫ ਅਤੇ ਵਿਦਿਆਰਥੀਆਂ ਦੁਆਰਾ ਪ੍ਰਣ ਕੀਤਾ ਗਿਆ ਕਿ ਉਹ ਆਪਣੇ ਦੇਸ਼ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਪਟਾਕੇ ਨਹੀਂ ਚਲਾਉਣਗੇ ਅਤੇ ਗਰੀਨ ਦੀਵਾਲੀ ਮਨਾਉਣਗੇ। ਵਿਦਿਆਰਥੀਆਂ ਦੁਆਰਾ ਕਾਲਜ ਨੂੰ ਬਹੁਤ ਹੀ ਸੁੰਦਰ ਤਰੀਕੇ ਨਾਲ ਸਜਾਇਆ ਗਿਆ। ਕਾਲਜ ਵਿਦਿਆਰਥੀਆਂ ਨੇ ਬਹੁਤ ਹੀ ਵਧੀਆ ਰੰਗੋਲੀ ਬਣਾਈ ਗਈ। ਆਏ ਹੋਏ ਮੁੱਖ ਮਹਿਮਾਨਾਂ ਵੱਲੋਂ ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਦੀਵਾਲੀ ਦੀਆਂ ਮੁਬਾਰਕਾਂ ਦਿੱਤੀਆਂ ਗਈਆਂ। ਅੰਤ ਵਿੱਚ ਪ੍ਰਿੰਸੀਪਲ ਕਿਰਨ ਕੇਸਰ ਨੇ ਮੁੱਖ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਸਭ ਨੂੰ ਦੀਵਾਲੀ ਦੀਆਂ ਮੁਬਾਰਕਾਂ ਦਿੱਤੀਆਂ।

# ਸ਼ਾਹਬਾਜ਼ ਸਿੰਘ ਬਣੇ ਧਾਮੀ ਦੇ ਨਿੱਜੀ ਸਕੱਤਰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼ਾਹਬਾਜ਼ ਸਿੰਘ ਨੂੰ ਆਪਣਾ ਨਿੱਜੀ ਸਕੱਤਰ ਨਿਯੁਕਤ ਕੀਤਾ ਹੈ। ਇਸ ਤੋਂ ਪਹਿਲਾਂ ਉਹ ਸ਼੍ਰੋਮਣੀ ਕਮੇਟੀ ਅੰਦਰ ਮੀਤ ਸਕੱਤਰ ਵਜੋਂ ਸੇਵਾਵਾਂ ਨਿਭਾਅ ਰਹੇ ਸਨ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਉਨ੍ਹਾਂ ਨੂੰ ਸਿਰੋਪਾਓ ਦੇ ਕੇ ਆਪਣੇ ਨਵੇਂ ਅਹੁਦੇ 'ਤੇ ਕਾਰਜਸ਼ੀਲ ਕੀਤਾ। ਇਸ ਮੌਕੇ ਸ਼ਾਹਬਾਜ਼ ਸਿੰਘ ਨੇ ਕਿਹਾ ਕਿ ਇਹ ਸੇਵਾ ਗੁਰੂ ਸਾਹਿਬ ਦੀ ਭੈਅ-ਭਾਵਨੀ ਵਿਚ ਰਹਿ ਕੇ ਨਿਭਾਉਣ ਦੀ ਕੋਸ਼ਿਸ਼ ਕਰਨਗੇ। ਉਨ੍ਹਾਂ ਐਡਵੋਕੇਟ ਧਾਮੀ ਅਤੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਦਾ ਧੰਨਵਾਦ ਕੀਤਾ।ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ, ਇੰਜੀ: ਸੁਖਮਿੰਦਰ ਸਿੰਘ, ਬਲਵਿੰਦਰ ਸਿੰਘ ਕਾਹਲਵਾਂ, ਓ ਐਸ ਡੀ ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਗੁਰਿੰਦਰ ਸਿੰਘ ਮਥਰੇਵਾਲ, ਬਿਜੈ ਸਿੰਘ, ਤੇਜਿੰਦਰ ਸਿੰਘ ਪੱਡਾ, ਪ੍ਰੀਤਪਾਲ ਸਿੰਘ, ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਸ. ਕੁਲਦੀਪ ਸਿੰਘ ਰੋਡੇ, ਸ. ਜਸਵਿੰਦਰ ਸਿੰਘ ਜੱਸੀ, ਬਲਵਿੰਦਰ ਸਿੰਘ ਖੈਰਾਬਾਦ, ਗੁਰਨਾਮ ਸਿੰਘ, ਮਨਜੀਤ ਸਿੰਘ, ਹਰਭਜਨ ਸਿੰਘ ਵਕਤਾ, ਸੁਪ੍ਰਡੰਟ ਨਿਸ਼ਾਨ ਸਿੰਘ, ਸਿੱਖ ਵਿਦਵਾਨ ਡਾ. ਅਮਰਜੀਤ ਸਿੰਘ, ਡਾ. ਇੰਦਰਜੀਤ ਸਿੰਘ ਗੋਗੋਆਣੀ, ਪ੍ਰਿੰਸੀਪਲ ਸੂਬਾ ਸਿੰਘ ਤੇ ਹੋਰ ਮੌਜੂਦ ਸਨ।

# ਸ੍ਰੀ ਗੁਰੂ ਰਵਿਦਾਸ ਸਭਾ ਧਾਰੀਵਾਲ ਦੀ ਹੋਈ ਮੀਟਿੰਗ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਸ੍ਰੀ ਗੁਰੂ ਰਵਿਦਾਸ ਸਭਾ ਧਾਰੀਵਾਲ ਰਜਿ. 202 ਦੀ ਅਹਿਮ ਮੀਟਿੰਗ ਸਭਾ ਦੇ ਪ੍ਰਧਾਨ ਪ੍ਰਕਾਸ਼ ਚੰਦ ਅਤੇ ਸਕੱਤਰ ਬਲਕਾਰ ਸਿੰਘ ਦੀ ਅਗਵਾਈ ਹੇਠ ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਧਾਰੀਵਾਲ ਵਿਖੇ ਹੋਈ। ਮੀਟਿੰਗ ਦੌਰਾਨ ਸਭਾ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੇ 26 ਨਵੰਬਰ ਨੂੰ ਧਾਰਮਿਕ ਸਮਾਗਮ ਕਰਵਾਉਣ ਦਾ ਫੈਸਲਾ ਲਿਆ ਅਤੇ ਸਮਾਗਮ ਦੇ ਸੁਚਾਰੂ ਪ੍ਰਬੰਧਾਂ ਸਬੰਧੀ ਵਿਚਾਰ ਚਰਚਾ ਕੀਤੀ।

ਸਭਾ ਦੇ ਪ੍ਰਧਾਨ ਪ੍ਰਕਾਸ਼ ਚੰਦ ਅਤੇ ਸਕੱਤਰ ਬਲਕਾਰ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਧਾਰੀਵਾਲ ਵਿਖੇ ਕਰਵਾਏ ਜਾਣ ਵਾਲੇ ਧਾਰਮਿਕ ਸਮਾਗਮ ਦੌਰਾਨ ਮਹਾਰਾਜ ਸ੍ਰੀ ਸ੍ਰੀ 108 ਸੁਆਮੀ ਗੁਰਦੀਪ ਗਿਰੀ ਪਠਾਨਕੋਟ ਵਾਲੇ 26 ਨਵੰਬਰ ਨੂੰ ਦੁਪਹਿਰ 12 ਵਜੇ ਤੋਂ 2 ਵਜੇ ਤੱਕ ਸਤਿਸੰਗ ਕਰਨਗੇ ਅਤੇ ਸ੍ਰੀ ਗੁਰੂ ਰਵਿਦਾਸ ਜੀ ਦੀ ਇਲਾਹੀ ਬਾਣੀ, ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

ਉਪਰੰਤ ਗੁਰੂ ਦਾ ਲੰਗਰ ਅਤੁੱਟ ਵਰਤੇਗਾ। ਮੀਟਿੰਗ ਵਿੱਚ ਸਭਾ ਦੇ ਪ੍ਰਧਾਨ ਪ੍ਰਕਾਸ਼ ਚੰਦ, ਸਕੱਤਰ ਬਲਕਾਰ ਸਿੰਘ, ਪ੍ਰੈਸ ਸੱਕਤਰ ਭਜਨ ਸਿੰਘ, ਖਜ਼ਾਨਚੀ ਅਜੈ ਕੁਮਾਰ ਸੋਨੂੰ, ਗੋਬਿੰਦਾ, ਸੂਬੇਦਾਰ ਬਚਨ ਲਾਲ, ਮਦਨ ਸਿੰਘ, ਦੁਰਗਾ ਦਾਸ, ਸੱਤਪਾਲ, ਬੂਆ ਦਾਸ, ਧਰਮਵੀਰ, ਧਰਮਪਾਲ ਆਦਿ ਆਗੂਆਂ ਤੋਂ ਇਲਾਵਾ ਵੀ ਸਭਾ ਦੇ ਮੈਂਬਰ ਅਤੇ ਸੰਗਤਾਂ ਹਾਜ਼ਰ ਸਨ।

# ਪਟਾਕੇ ਵੇਚਣ ਲਈ ਕੱਢੇ ਗਏ ਲੱਕੀ ਡਰਾਅ ਸਿਰਫ ਡਰਾਮਾ

**ਮਜੀਠਾ (ਸੋਇਮ ਆਨੰਦ)** ਪਿਛਲੇ ਦਿਨੀ ਐਸ.ਡੀ.ਐਮ ਦਫਤਰ ਮਜੀਠਾ ਵਿਖੇ ਮਾਨਯੋਗ ਹਾਈਕੋਰਟ ਦੇ ਹੁਕਮਾਂ ਤਹਿਤ ਪਟਾਕੇ ਵੇਚਣ ਦੇ ਲਾਇਸੰਸ ਜਾਰੀ ਕਰਨ ਵਾਸਤੇ ਅਰਜੀਆਂ ਦੀ ਮੰਗ ਕੀਤੀ ਗਈ ਜਿਸ 'ਤੇ ਸ਼ਹਿਰ ਵਿਚੋ ਕਰੀਬ 56 ਦਰਖਾਸਤਾਂ ਲਾਇਸੰਸ ਲੈਣ ਵਾਸਤੇ ਲਈਆਂ ਗਈਆਂ ਅਤੇ ਸਿਰਫ ਚਾਰ ਵਿਅਕਤੀਆਂ ਦੇ ਲੱਕੀ ਡਰਾਅ ਵਿਚ ਨਾਮ ਨਿਕਲੇ। ਜਿਨ੍ਹਾਂ ਨੂੰ ਹਾਈ ਕੋਰਟ ਦੇ ਹੁਕਮਾਂ ਤਹਿਤ ਸ਼ਹਿਰ ਤੋਂ ਬਾਹਰ ਖੁੱਲੇ ਵਿਚ ਸ਼ਰਤਾਂ ਸਹਿਤ ਪਟਾਕੇ ਵੇਚਣ ਦੀ ਇਜ਼ਾਜਤ ਦਿੱਤੀ ਗਈ ਸੀ, ਪਰ ਇਸ ਦੇ ਐਨ ਉਲਟ ਸ਼ਹਿਰ ਮਜੀਠਾ ਵਿਖੇ ਭਰੇ ਬਜਾਰ ਵਿਚ ਅਨੇਕਾਂ ਦੁਕਾਨਾਂ ਵਾਲਿਆਂ ਨੇ ਪਟਾਕੇ ਵੇਚਣ ਵਾਸਤੇ ਰਖੇ ਹਨ।ਜਿਸ ਬਜਾਰ ਵਿਚ ਇਹ ਪਟਾਕੇ ਵੇਚਣ ਦੀਆਂ ਦੁਕਾਨਾਂ ਹਨ ਇਥੇ ਤਿਉਹਾਰ ਕਰਕੇ ਇੰਨੀ ਭੀੜ ਹੋ ਜਾਂਦੀ ਹੈ ਕਿ ਪੈਦਲ ਲੰਘਣ ਵਾਲਿਆਂ ਵਾਸਤੇ ਲੰਘਣਾ ਮੁਸਕਲ ਹੋ ਜਾਂਦਾ ਹੈ ਪਰ ਇੰਨੀ ਭੀੜ ਵਾਲੇ ਬਜਾਰ ਵਿਚ ਪਟਾਕੇ ਵੇਚਣਾ ਕਿਸੇ ਵੱਡੇ ਖਤਰੇ ਤੋਂ ਖਾਲੀ ਨਹੀਂ।ਆਮ ਲੋਕ ਤਾਂ ਦੱਬੀ ਆਵਾਜ ਵਿਚ ਕਹਿ ਰਹੇ ਹਨ ਇਹ ਸਭ ਕੁਝ ਪ੍ਰਸ਼ਾਸ਼ਨ ਦੀ ਕਥਿਤ ਮਿਲੀਭੁਗਤ ਨਾਲ ਹੋ ਰਿਹਾ ਹੈ।ਸ਼ਹਿਰ ਵਾਸੀ ਕਹਿ ਰਹੇ ਹਨ ਕਿ ਲੱਕੀ ਡਰਾਅ ਕੱਢਣਾ ਤਾਂ ਮਹਿਜ਼ ਇੱਕ ਡਰਾਮਾ ਹੀ ਸੀ ਪਟਾਕੇ ਤਾਂ ਫਿਰ ਆਬਾਦੀ ਵਿੱਚ ਵਿਕ ਰਹੇ ਹਨ।ਇਸ ਸੰਬੰਧੀ ਜਦ ਨਾਇਬ ਤਹਿਸੀਲਦਾਰ ਜਸਬੀਰ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਸ਼ਹਿਰ ਵਿਚ ਸਿਰਫ ਚਾਰ ਵਿਅਕਤੀਆਂ ਨੂੰ ਪਟਾਕੇ ਵੇਚਣ ਦਾ ਲਾਇਸੰਸ ਜਾਰੀ ਕੀਤਾ ਗਿਆ ਸੀ।ਪਰ ਹੁਣ ਬਜ਼ਾਰ ਵਿੱਚ ਲੱਗੇ ਪਟਾਕਿਆਂ ਬਾਰੇ ਉਨ੍ਹਾਂ ਕਿਹਾ ਕਿ ਉਹ ਜਾਂਚ ਕਰਵਾ ਕੇ ਬਣਦੀ ਕਾਰਵਾਈ ਕਰਨਗੇ।

# ਸੁਖਮਨੀ ਸਾਹਿਬ ਸੇਵਾ ਸੁਸਾਇਟੀਆਂ ਵੱਲੋਂ ਬੁੱਢਾ ਦਲ ਦੇ ਘੋੜਸਵਾਰਾਂ ਤੇ ਸੇਵਾਦਾਰਾਂ ਦਾ ਸਨਮਾਨ



**ਅੰਮ੍ਰਿਤਸਰ ( ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਖਾਲਸਾ ਦਰਬਾਰ ਬੰਦੀ ਛੋੜ ਦਿਵਸ ਦੀਵਾਲੀ ਤੇ ਗੁ: ਮੱਲ ਅਖਾੜਾ ਸਾਹਿਬ ਪਾ: ਛੇਵੀਂ, ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਪ੍ਰੇਰਨਾ ਸਦਕਾ ਅੰਮ੍ਰਿਤਸਰ ਦੀਆਂ ਸਮੂਹ ਸੁਖਮਨੀ ਸੇਵਾ ਸੁਸਾਇਟੀਆਂ ਵੱਲੋਂ ਗੁ: ਸਾਹਿਬ ਵਿਖੇ ਨਾਮ ਸਿਮਰਨ, ਸ਼ਬਦ ਕੀਰਤਨ, ਗੁਰਬਾਣੀ ਗਾਇਨ ਜਸ ਕੀਤਾ। ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਕਿਹਾ ਕਿ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਪ੍ਰੇਰਨਾ ਤੇ ਉਤਸ਼ਾਹ ਨਾਲ ਪਿਛਲੇ ਲੰਮੇ ਸਮੇਂ ਤੋਂ ਬੁੱਢਾ ਦਲ ਦੀ ਇਸ ਛਾਉਣੀ ਵਿੱਚ ਦੋ ਤਿੰਨ ਸਾਲ ਤੋਂ ਸੁਖਮਨੀ ਸੇਵਾ ਸੁਸਾਇਟੀਆਂ ਵੱਲੋਂ ਜਪਤਪ ਪਾਠ ਗੁਰਬਾਣੀ ਕੀਰਤਨ ਜਾਪ ਨਿਰੰਤਰ ਜਾਰੀ ਹਨ। ਉਨ੍ਹਾਂ ਬੁੱਢਾ ਦਲ ਦੇ ਇਤਿਹਾਸ ਬਾਰੇ ਸੰਗਤਾਂ ਨਾਲ ਸਾਂਝ ਪਾਈ। ਉਨ੍ਹਾਂ ਕਿਹਾ ਬੁੱਢਾ ਦਲ ਦੇ ਇਤਿਹਾਸ ਬਾਰੇ ਕੁਝ ਅਨਜਾਣ ਲੋਕਾਂ ਵੱਲੋਂ ਕਈ ਤਰ੍ਹਾਂ ਦੇ ਭਰਮ ਭੁਲੇਖੇ ਪਾਏ ਜਾ ਰਹੇ ਹਨ। ਉਨ੍ਹਾਂ ਕਿਹਾ 18ਵੀਂ ਸਦੀ ਦੇ ਸ਼ਹੀਦ ਸਿੱਖਾਂ ਦਾ ਇਤਿਹਾਸ ਭਾਰਤੀ ਦਰਸ਼ਨ 'ਚ ਲਾਂਭੇ ਕਰ ਦਿੱਤਾ ਜਾਵੇ ਤਾਂ ਬਾਕੀ ਕੁਝ ਨਹੀਂ ਬਚਦਾ ਹੀ ਨਹੀਂ। ਸਕੂਲਾਂ ਕਾਲਜਾਂ 'ਚ ਇਹ ਸਲੇਬਸ ਵਿੱਚ ਇਤਿਹਾਸ ਪੜ੍ਹਾਇਆ ਜਾਣਾ ਚਾਹੀਦਾ ਹੈ। ਸਮਾਗਮ ਸਮੇਂ ਚਰਨ ਕੰਵਲ ਜਥਾ ਸ੍ਰੀ ਹਰਿਮੰਦਰ ਸਾਹਿਬ ਬੀਬੀਆਂ ਦੀ ਮੁਖੀ ਬੀਬੀ ਪਰਮਜੀਤ ਕੌਰ ਪਿੰਕੀ, ਬਾਬਾ ਬੋਤਾ ਸਿੰਘ ਬਾਬਾ ਗਰਜਾ ਸਿੰਘ ਸੁਖਮਨੀ ਸੇਵਾ ਸੁਸਾਇਟੀ ਦੀ ਮੁਖੀ ਬੀਬੀ ਹਰਪ੍ਰੀਤ ਕੌਰ, ਇਸਤਰੀ ਸਤਿਸੰਗ ਸਭਾ ਈਸਟ ਮੋਹਨ ਨਗਰ ਬੀਬੀ ਸੁਖਜੀਤ ਸਿੰਘ ਕੌਰ ਰੋਜ਼ੀ, ਬੀਬੀ ਤੇਜ ਕੌਰ ਵੱਲੋਂ ਬੁੱਢਾ ਦਲ ਦੇ ਘੋੜਿਆਂ ਦੇ ਸਾਰੇ ਘੋੜਸਵਾਰਾਂ, ਦੇਗੀਏ ਸਿੰਘਾਂ, ਨਗਾਰਚੀਆਂ ਸਿੰਘ, ਲਾਂਗਰੀ ਸਿੰਘਾਂ, ਘੋੜਿਆਂ ਦੇ ਸੇਵਾਦਾਰ ਬਾਬਾ ਇੰਦਰ ਸਿੰਘ ਤੇ ਬਾਬਾ ਬਲਦੇਵ ਸਿੰਘ ਢੋਡੀਵਿੰਡ, ਮੁੱਖ ਗ੍ਰੰਥੀ ਬਾਬਾ ਮੱਘਰ ਸਿੰਘ, ਬਾਬਾ ਭਗਤ ਸਿੰਘ, ਬਾਬਾ ਗਗਨਦੀਪ ਸਿੰਘ, ਕਾਰ ਸੇਵਾ ਬਾਬਾ ਇੰਦਰਬੀਰ ਸਿੰਘ ਸਤਲਾਣੀ ਸਾਹਿਬ, ਭਾਈ ਗੁਰਕੀਰਤ ਸਿੰਘ ਯੂ.ਕੇ, ਸਕੱਤਰ ਦਿਲਜੀਤ ਸਿੰਘ ਬੇਦੀ, ਪਰਮਜੀਤ ਸਿੰਘ ਬਾਜਵਾ ਅਤੇ ਬਾਬਾ ਜੱਸਾ ਸਿੰਘ ਤਲਵੰਡੀ ਸਾਬੋ ਨੂੰ ਦੋਸ਼ਾਲਾ ਤੇ ਨਕਦ ਇਨਾਮ ਭੇਟ ਕਰਕੇ ਸਨਮਾਨਿਤ ਕੀਤਾ।ਇਸ ਮੌਕੇ ਬੀਬੀ ਪਰਮਜੀਤ ਕੌਰ ਪਿੰਕੀ, ਬੀਬੀ ਹਰਪ੍ਰੀਤ ਕੌਰ, ਬੀਬੀ ਸੁਖਜੀਤ ਸਿੰਘ ਕੌਰ ਰੋਜ਼ੀ, ਬੀਬੀ ਤੇਜ ਕੌਰ ਨੇ ਸਮੂਹ ਸੁਸਾਇਟੀਆਂ ਦੀਆਂ ਮੁਖੀ ਬੀਬੀਆਂ ਨੂੰ ਸਿਰਪਾਓ ਤੇ ਗੁਰੂਘਰ ਦਾ ਖਜ਼ਾਨਾ ਭੇਟ ਕਰਕੇ ਸਨਮਾਨਤ ਕੀਤਾ।

# ਤਿਹਾੜ ਜੇਲ੍ਹ ਦੇ ਬਾਹਰ ਬੰਦੀ ਸਿੰਘਾਂ ਦੀ ਰਿਹਾਈ ਲਈ ਹੋਈ ਅਰਦਾਸ



**ਨਵੀਂ ਦਿੱਲੀ/ ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਦਿੱਲੀ ਦੀਆਂ ਸਮੂਹ ਪੰਥਕ ਜਥੇਬੰਦੀਆਂ ਵੱਲੋਂ ਅੱਜ ਬੰਦੀ ਛੋੜ ਦਿਵਸ ਦੇ ਮੌਕੇ ਤਿਹਾੜ ਜੇਲ੍ਹ ਦੇ ਬਾਹਰ ਬੰਦੀ ਸਿੰਘਾਂ ਦੀ ਰਿਹਾਈ ਲਈ ਸੰਗਤੀ ਅਰਦਾਸ ਕੀਤੀ ਗਈ। ਸੰਗਤਾਂ ਵੱਲੋਂ ਗੁਰੂ ਜਸ ਗਾਇਨ ਕਰਨ ਉਪਰੰਤ ਗੁਰੂ ਹਰਗੋਬਿੰਦ ਸਾਹਿਬ ਦੇ ਚਰਨਾਂ ਵਿਚ ਬੰਦੀ ਸਿੰਘਾਂ ਦੀ ਰਿਹਾਈ ਲਈ ਤਰਲਾ ਮਾਰਿਆ ਗਿਆ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ, ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਤੇ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਬੰਦੀ ਸਿੰਘਾਂ ਦੀ ਰਿਹਾਈ 'ਚ ਹੋ ਰਹੀ ਦੇਰੀ ਲਈ ਦਿੱਲੀ ਕਮੇਟੀ ਆਗੂਆਂ ਦੀ ਕਾਰਜਸ਼ੈਲੀ ਉਤੇ ਸਵਾਲ ਚੁੱਕੇ। ਮਨੁੱਖੀ ਅਧਿਕਾਰ ਕਾਰਕੁੰਨ ਡਾਕਟਰ ਪਰਮਿੰਦਰ ਪਾਲ ਸਿੰਘ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਉਂਦੇ ਹੋਏ ਭਾਈ ਦਵਿੰਦਰ ਪਾਲ ਸਿੰਘ ਭੁੱਲਰ ਦੀ ਰਿਹਾਈ ਬਾਰੇ ਫੈਸਲਾ ਲੈਣ ਲਈ 21 ਦਸੰਬਰ 2023 ਨੂੰ ਦਿੱਲੀ ਸਰਕਾਰ ਦੀ ਸਜ਼ਾ ਸਮੀਖਿਆ ਬੋਰਡ ਦੀ ਹੋਈ ਮੀਟਿੰਗ ਦੀ ਕਾਰਵਾਈ ਜਨਤਕ ਕੀਤੀ। ਡਾਕਟਰ ਪਰਮਿੰਦਰ ਪਾਲ ਸਿੰਘ ਨੇ ਦਾਅਵਾ ਕੀਤਾ ਕਿ ਦਿੱਲੀ ਸਰਕਾਰ ਦੇ ਜੇਲ੍ਹ ਮੰਤਰੀ ਕੈਲਾਸ਼ ਗਹਿਲੋਤ ਵੱਲੋਂ ਭਾਈ ਦਵਿੰਦਰ ਪਾਲ ਸਿੰਘ ਭੁੱਲਰ ਦੀ ਰਿਹਾਈ ਦਾ ਸਮਰਥਨ ਕਰਨ ਦੇ ਬਾਵਜੂਦ ਬੋਰਡ ਦੇ ਬਾਕੀ ਛੇ ਮੈਂਬਰਾਂ ਦੇ ਵਿਰੋਧ ਕਾਰਨ ਰਿਹਾਈ ਮਤਾ 6:1 ਨਾਲ ਰੱਦ ਹੋ ਗਿਆ।

ਇਸ ਤੋਂ ਪਹਿਲਾਂ ਵੀ ਇਹ ਬੋਰਡ ਭਾਈ ਦਵਿੰਦਰ ਪਾਲ ਸਿੰਘ ਭੁੱਲਰ ਦੀ ਰਿਹਾਈ ਮਤੇ ਨੂੰ 4-5 ਵਾਰ ਠੁਕਰਾ ਤੇ 1 ਵਾਰ ਲਟਕਾ ਚੁੱਕਿਆ ਹੈ। ਇਹ ਸਿੱਖਾਂ ਨਾਲ ਸਿੱਧਾ ਵਿਤਕਰਾ ਹੈ।ਸਰਨਾ ਨੇ ਬੰਦੀ ਸਿੰਘਾਂ ਲਈ ਲੜੀ ਲੜਾਈ ਦਾ ਚੇਤਾ ਕਰਵਾਉਂਦੇ ਹੋਏ ਦਾਅਵਾ ਕੀਤਾ ਕਿ ਸਾਡੀ ਦਿੱਲੀ ਕਮੇਟੀ ਬਣਦੇ ਹੀ ਬੰਦੀ ਸਿੰਘਾਂ ਦੀ ਤੁਰੰਤ ਰਿਹਾਈ ਹੋਵੇਗੀ।

ਕਿਉਂਕਿ ਮੌਜੂਦਾ ਕਮੇਟੀ ਨੇ ਸਿੱਖ ਹਿਤਾਂ ਨੂੰ ਸਰਕਾਰ ਦੇ ਸਾਹਮਣੇ ਗਹਿਣੇ ਪਾ ਦਿੱਤਾ ਹੈ। ਸਰਨਾ ਨੇ ਦਿੱਲੀ ਵਿਧਾਨ ਸਭਾ ਚੋਣਾਂ ਦੌਰਾਨ ਵੋਟਾਂ ਮੰਗਣ ਆਉਣ ਵਾਲੇ ਆਗੂਆਂ ਤੋਂ ਬੰਦੀ ਸਿੰਘਾਂ ਦੀ ਰਿਹਾਈ ਬਾਰੇ ਸਵਾਲ ਪੁੱਛਣ ਦੀ ਅਪੀਲ ਕਰਦਿਆਂ ਕਿਹਾ ਕਿ ਬੰਦੀ ਸਿੰਘਾਂ ਦੀ ਗੱਲ ਹੱਲ ਨਾ ਹੋਣ ਉਤੇ ਸਿੱਖਾਂ ਨਾਲ ਵਿਤਕਰਾ ਕਰ ਰਹੇ ਲੋਕਾਂ ਨੂੰ ਮੂੰਹ ਨਾ ਲਾਉਣ। ਜੀਕੇ ਨੇ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਜਜ਼ਬਾਤੀ ਮਾਮਲਾ ਹੈ। ਇਸ ਲੜਾਈ ਨੂੰ 1984 ਸਿੱਖ ਕਤਲੇਆਮ ਦੇ ਇਨਸਾਫ਼ ਦੀ ਲੜਾਈ ਵਾਂਗ ਲੜਨ ਦੀ ਲੋੜ ਹੈ। ਜਿਵੇਂ ਅਸੀਂ ਲੜ ਕੇ ਸੱਜਣ ਕੁਮਾਰ ਨੂੰ ਜੇਲ੍ਹ ਭਿਜਵਾਇਆ ਸੀ। ਠੀਕ ਉਸੇ ਤਰੀਕੇ ਨਾਲ ਬੰਦੀ ਸਿੰਘਾਂ ਦੀ ਰਿਹਾਈ ਲਈ ਮੋਰਚਾ ਲਾਉਣ ਦੀ ਅੱਜ ਜ਼ਰੂਰਤ ਹੈ। ਕਿਉਂਕਿ ਸਰਕਾਰਾਂ ਸ਼ਰੇਆਮ ਬੰਦੀ ਸਿੰਘਾਂ, ਰਾਮ ਰਹੀਮ ਤੇ ਬਿਲਕਿਸ ਬਾਨੋ ਦੇ ਮਾਮਲਿਆਂ 'ਚ ਕਾਨੂੰਨ ਨੂੰ ਵੱਖ-ਵੱਖ ਰੂਪ ਵਿਚ ਪਰਿਭਾਸ਼ਿਤ ਕਰ ਰਹੀਆਂ ਹਨ। ਵੱਡੀ ਗਿਣਤੀ 'ਚ ਆਏ ਇਨਸਾਫ਼ ਪਸੰਦ ਲੋਕਾਂ ਦਾ ਭਾਈ ਗੁਰਦੀਪ ਸਿੰਘ ਮਿੰਟੂ ਨੇ ਕੌਮੀ ਇਨਸਾਫ਼ ਮੋਰਚਾ, ਮੋਹਾਲੀ ਵੱਲੋਂ ਧੰਨਵਾਦ ਕੀਤਾ। ਦਿੱਲੀ ਕਮੇਟੀ ਮੈਂਬਰਾਂ ਸਣੇ, ਸਿੰਘ ਸਭਾਵਾਂ ਦੇ ਅਹੁਦੇਦਾਰਾਂ, ਗਤਕਾ ਅਖਾੜਿਆਂ ਦੇ ਮੈਂਬਰਾਂ ਸਣੇ ਬੀਬੀਆਂ ਨੇ ਵੀ ਇਸ ਮੌਕੇ ਹਾਜ਼ਰੀ ਭਰੀ।

ਨਵਾਂ ਜ਼ਮਾਨਾ
ਸੋਮਵਾਰ, 4 ਨਵੰਬਰ 2024

# ਸਿਹਤ ਮੰਤਰੀ ਦੀ ਸਿਹਤ 'ਤੇ ਅਸਰ ਨਹੀਂ

ਕੇਂਦਰੀ ਸਿਹਤ ਮੰਤਰੀ ਜੇ ਪੀ ਨੱਢਾ ਦੇ ਟਵਿੱਟਰ (ਹੁਣ 'ਐੈਕਸ') 'ਤੇ ਇਕ ਅਹਿਮ ਜਾਣਕਾਰੀ ਮਿਲੀ ਹੈ, ਜਿਹੜੀ ਦੱਸਦੀ ਹੈ ਕਿ ਸਿਹਤ ਮਾਮਲਿਆਂ 'ਚ ਉਨ੍ਹਾ ਦੀ ਦਿਲਚਸਪੀ ਨਾ ਹੋਇਆਂ ਨਾਲ ਦੀ ਹੈ। ਉਹ ਭਾਜਪਾ ਦੇ ਪ੍ਰਧਾਨ ਵੀ ਹਨ। ਉਨ੍ਹਾ ਵੱਲੋਂ 'ਐੈਕਸ' ਉੱਤੇ ਸਾਂਝੀਆਂ ਕੀਤੀਆਂ ਗਈਆਂ ਪੋਸਟਾਂ ਭਾਜਪਾ ਦੀ ਸਿਆਸਤ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪ੍ਰੋਗਰਾਮਾਂ, ਮਨ ਕੀ ਬਾਤ ਤੇ ਚੋਣ ਰੈਲੀਆਂ ਸੰਬੰਧੀ ਹਨ। ਅਕਤੂਬਰ 'ਚ ਉਨ੍ਹਾ 256 ਪੋਸਟਾਂ ਪਾਈਆਂ, ਪਰ ਸਿਹਤ ਮੰਤਰਾਲੇ ਨਾਲ ਜੁੜੇ ਜਿਨ੍ਹਾਂ ਵਿਸ਼ਿਆਂ 'ਤੇ ਦੇਸ਼ ਜਵਾਬ ਚਾਹੁੰਦਾ ਹੈ, ਬਾਰੇ ਇੱਕ ਵੀ ਪੋਸਟ ਨਹੀਂ ਸੀ। ਪਿਛਲੇ ਦਿਨੀਂ ਕੋਲਕਾਤਾ ਦੇ ਸਰਕਾਰੀ ਹਸਪਤਾਲ 'ਚ ਇਕ ਟਰੇਨੀ ਡਾਕਟਰ ਦੀ ਜਬਰ-ਜ਼ਨਾਹ ਦੇ ਬਾਅਦ ਹੱਤਿਆ ਕਰ ਦਿੱਤੀ ਗਈ। ਇਸ ਦੇ ਬਾਅਦ ਡਾਕਟਰਾਂ ਦੀ ਲੰਮੀ ਲੜਾਈ ਚੱਲੀ। ਰਾਜਸਥਾਨ ਵਿੱਚ ਵੀ ਜੂਨੀਅਰ ਡਾਕਟਰਾਂ ਦਾ ਲੰਮਾ ਅੰਦੋਲਨ ਚੱਲਿਆ। ਬਿਹਾਰ ਤੇ ਯੂ ਪੀ ਸਣੇ ਕਈ ਹੋਰ ਰਾਜਾਂ 'ਚ ਵੀ ਡਾਕਟਰਾਂ ਦੀ ਸੁਰੱਖਿਆ ਨੂੰ ਲੈ ਕੇ ਗੰਭੀਰ ਚਿੰਤਾ ਸਾਹਮਣੇ ਆਈ, ਪਰ ਪੂਰੇ ਅਕਤੂਬਰ ਮਹੀਨੇ 'ਚ ਨੱਢਾ ਨੇ 'ਐੈਕਸ' ਉੱਤੇ ਇਸ ਬਾਰੇ ਕੋਈ ਗੱਲ ਨਹੀਂ ਕੀਤੀ। ਇਸੇ ਤਰ੍ਹਾਂ ਨੀਟ-ਪੀ ਜੀ ਦੀ ਕਾਉਂਸਲਿੰਗ ਸ਼ੁਰੂ ਨਾ ਹੋਣ ਨੂੰ ਲੈ ਕੇ ਵਿਦਿਆਰਥੀ ਪ੍ਰੇਸ਼ਾਨ ਰਹੇ। ਮਾਰਚ ਵਿੱਚ ਹੋਣ ਵਾਲੀ ਪ੍ਰਕਿਰਿਆ ਲੰਮੇ ਸਮੇਂ ਤੱਕ ਅੱਗੇ ਵਧ ਰਹੀ ਹੈ। ਨੀਟ-ਯੂ ਜੀ ਦੇ ਪੇਪਰ ਲੀਕ ਦੇ ਮਾਮਲੇ 'ਚ ਵੀ ਠੋਸ ਕਦਮ ਨਹੀਂ ਚੁੱਕੇ ਗਏ। ਨੱਢਾ ਨੇ ਇਨ੍ਹਾਂ ਵਿਸ਼ਿਆਂ ਬਾਰੇ ਕੋਈ ਪੋਸਟ ਨਹੀਂ ਪਾਈ। ਦਿੱਲੀ ਤੇ ਦੇਸ਼-ਭਰ ਵਿੱਚ ਪ੍ਰਦੂਸ਼ਣ ਕਾਰਨ ਸਿਹਤ ਸਮੱਸਿਆਵਾਂ ਨੂੰ ਲੈ ਕੇ ਹਰ ਪਾਸੇ ਚਰਚਾ ਹੁੰਦੀ ਰਹੀ, ਪਰ ਨੱਢਾ ਖਾਮੋਸ਼ ਰਹੇ। ਉਲਟਾ ਦੀਵਾਲੀ ਦੀ ਰਾਤ ਉਨ੍ਹਾ ਛੱਤ 'ਤੇ ਪਟਾਕਾ ਚਲਾਉਂਦਿਆਂ ਦੀ ਵੀਡੀਓ ਪਾਈ। ਸੁਪਰੀਮ ਕੋਰਟ ਦੇ ਆਦੇਸ਼ ਦੇ ਬਾਵਜੂਦ ਅੰਨ੍ਹੇਵਾਹ ਪਟਾਕੇ ਚਲਾਏ ਜਾਣ ਕਾਰਨ ਸਿਹਤ ਸੰਬੰਧੀ ਚਿੰਤਾਵਾਂ ਵਧਦੀਆਂ ਜਾ ਰਹੀਆਂ ਹਨ, ਇਸ ਬਾਰੇ ਜਾਗਰੂਕਤਾ ਵਾਲਾ ਕੋਈ ਉਸਾਰੂ ਸੰਦੇਸ਼ ਦੇਣ ਦੀ ਥਾਂ ਪਟਾਕੇ ਚਲਾਉਣ ਦੀ ਜ਼ਿਦ 'ਤੇ ਉਤਾਰੂ ਬੱਚਿਆਂ ਵਰਗੀ ਹਰਕਤ ਕਰਨਾ ਹਾਸੋਹੀਣਾ ਹੈ।

ਨੱਢਾ ਦੀਆਂ 256 ਪੋਸਟਾਂ ਵਿੱਚੋਂ 116 ਵਿੱਚ ਮੋਦੀ ਦੇ ਪ੍ਰੋਗਰਾਮਾਂ ਤੇ ਭਾਸ਼ਣਾਂ ਨਾਲ ਜੁੜੀਆਂ ਹੋਈਆਂ ਸਨ। ਇਨ੍ਹਾਂ ਵਿੱਚੋਂ ਕੁਝ ਆਯੁਸ਼ਮਾਨ ਭਾਰਤ ਯੋਜਨਾ ਨਾਲ ਜੁੜੀਆਂ ਹੋਈਆਂ ਸਨ, ਪਰ ਬਹੁਤੀਆਂ ਵਿਦੇਸ਼ ਯਾਤਰਾ, ਰੇਲਵੇ, ਪੁਲਾੜ, ਮਨ ਕੀ ਬਾਤ ਤੇ ਸਿਆਸੀ ਵਿਸ਼ਿਆਂ ਨਾਲ ਜੁੜੀਆਂ ਹੋਈਆਂ ਸਨ। ਉਨ੍ਹਾ 90 ਪੋਸਟਾਂ ਸਿਆਸੀ ਪ੍ਰੋਗਰਾਮਾਂ ਦੀਆਂ ਪਾਈਆਂ। ਵੱਖ-ਵੱਖ ਮੌਕਿਆਂ 'ਤੇ ਸ਼ੁਭਕਾਮਨਾਵਾਂ ਦੀਆਂ 44 ਤੇ ਸ਼ੋਕ ਸੰਦੇਸ਼ ਤੇ ਸ਼ਰਧਾਂਜਲੀ ਦੀਆਂ 14 ਪੋਸਟਾਂ ਪਾਈਆਂ। ਵੱਖ-ਵੱਖ ਪ੍ਰੋਗਰਾਮਾਂ ਵਿਚ ਸ਼ਿਰਕਤ ਦੀਆਂ 21, ਧਾਰਮਕ ਸਮਾਗਮਾਂ 'ਚ ਸ਼ਾਮਲ ਹੋਣ ਦੀਆਂ 9, ਵੈਕਸੀਨ ਦੀ ਇੱਕ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਪ੍ਰੋਗਰਾਮ ਦੀ ਇੱਕ ਪੋਸਟ ਪਾਈ।

2024 ਮੈਡੀਕਲ ਸਿੱਖਿਆ ਦੇ ਲਿਹਾਜ਼ ਨਾਲ ਪਿਛਲੇ 77 ਸਾਲਾਂ ਦਾ ਸਭ ਤੋਂ ਬੁਰਾ ਸਾਲ ਮੰਨਿਆ ਜਾਵੇਗਾ। ਦੁਨੀਆ ਦਾ ਸਭ ਤੋਂ ਵੱਡਾ ਪੇਪਰ ਲੀਕ ਘੁਟਾਲਾ ਨੀਟ-ਯੂ ਜੀ ਵਿੱਚ ਦੇਖਿਆ ਗਿਆ। ਪੇਪਰ ਲੀਕ ਸਾਬਤ ਹੋਣ ਤੇ ਗ੍ਰਿਫਤਾਰੀਆਂ ਦੇ ਬਾਵਜੂਦ ਪ੍ਰੀਖਿਆ ਰੱਦ ਨਹੀਂ ਹੋਈ। ਕਿੰਨੇ ਮੁੰਨਾ ਭਾਈ ਐੱਮ ਬੀ ਬੀ ਐੱਸ 'ਚ ਦਾਖਲਾ ਲੈਣ 'ਚ ਕਾਮਯਾਬ ਹੋ ਗਏ, ਇਸ ਦਾ ਪਤਾ ਕਦੇ ਵੀ ਨਹੀਂ ਚੱਲ ਸਕੇਗਾ। ਨੀਟ-ਪੀ ਜੀ ਦੀ ਪ੍ਰੀਖਿਆ ਤੇ ਕਾਉਂਸਲਿੰਗ 'ਚ ਵੀ ਘੋਰ ਨਾਕਾਮੀ ਦਿਸ ਰਹੀ ਹੈ। ਪ੍ਰਦੂਸ਼ਣ ਤੋਂ ਪੈਦਾ ਹੋਣ ਵਾਲੇ ਰੋਗਾਂ ਕਾਰਨ ਦੇਸ਼ ਦਾ ਬੁਰਾ ਹਾਲ ਹੈ, ਪਰ ਸਿਹਤ ਮੰਤਰੀ ਦਾ ਸੋਸ਼ਲ ਮੀਡੀਆ ਅਕਾਊਂਟ ਇਨ੍ਹਾਂ ਚਿੰਤਾਵਾਂ ਤੋਂ ਬੇਖਬਰ ਹੈ। ਸਿਹਤ ਮੰਤਰੀ ਨੂੰ ਸਭ ਚੰਗਾ ਦਿਸ ਰਿਹਾ ਹੈ। ਉਨ੍ਹਾ ਦੀ ਤਰਜੀਹ ਤੇ ਦਿਲਚਸਪੀ ਭਾਜਪਾ ਪ੍ਰਧਾਨ ਹੋਣ ਦੀ ਹੈ। ਉਹ ਪ੍ਰਧਾਨ ਮੰਤਰੀ ਦੇ ਪ੍ਰੋਗਰਾਮਾਂ ਨੂੰ ਏਨਾ ਪ੍ਰਚਾਰਤ ਕਰਦੇ ਹਨ ਕਿ ਹੁਣ ਵੱਖਰੇ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਦੀ ਲੋੜ ਹੀ ਨਹੀਂ ਦਿਸਦੀ। ਕੀ ਦੇਸ਼ 'ਚ ਸਿਆਸਤ ਤੇ ਸੁਸ਼ਾਸਨ ਨੂੰ ਅੱਡ-ਅੱਡ ਕਰਨ 'ਤੇ ਕਦੇ ਗੱਲ ਹੋਵੇਗੀ? ਕੀ ਇਹ ਸੰਭਵ ਨਹੀਂ ਕਿ ਕੇਂਦਰ ਤੇ ਰਾਜਾਂ ਦੇ ਸਾਰੇ ਮੰਤਰੀਆਂ ਨੂੰ ਸਿਆਸੀ ਜ਼ਿੰਮੇਵਾਰੀਆਂ ਤੇ ਪ੍ਰੋਗਰਾਮਾਂ ਤੋਂ ਪੂਰੀ ਤਰ੍ਹਾਂ ਅੱਡ ਕਰ ਦਿੱਤਾ ਜਾਵੇ? ਉਹ ਸਿਰਫ ਆਪਣੇ ਮਹਿਕਮੇ ਨਾਲ ਜੁੜੀਆਂ ਜ਼ਿੰਮੇਵਾਰੀਆਂ ਹੀ ਨਿਭਾਉਣ। ਇਹ ਅਜੀਬ ਲੱਗੇਗਾ, ਪਰ ਸਿਸਟਮ ਸੁਧਾਰਨਾ ਤਾਂ ਪੈਣਾ ਹੈ।

## ਸਟੈਂਡ ਲਾ ਕੇ

ਅੱਗੇ ਵੱਲ ਅਸੀਂ ਕੌਮ ਨੂੰ ਤੋਰਦੇ ਹਾਂ,
ਐਪਰ ਤੋਰੀਏ ਪੱਕਾ ਸਟੈਂਡ ਲਾ ਕੇ।
ਸਾਨੂੰ ਦੱਸਿਆ ਵੱਡੇ-ਵਡੇਰਿਆਂ ਨੇ,
ਨਹੀਂ ਘਸਦਾ ਚੱਕਾ ਸਟੈਂਡ ਲਾ ਕੇ।
ਕੌਣ ਪੁੱਛਦਾ ਦੁੱਕੀਆਂ, ਤਿੱਕੀਆਂ ਨੂੰ,
ਮਾਰੋ ਬੇਗੀ 'ਤੇ ਯਕਾ ਸਟੈਂਡ ਲਾ ਕੇ।
ਸੁਣਿਆ ਮੱਕੇ ਤੋਂ ਪਰ੍ਹੇ ਉਜਾੜ ਹੁੰਦੀ,
ਤਾਹੀਂ ਦੇਖੀਏ ਕਾਬਾ ਸਟੈਂਡ ਲਾ ਕੇ।
ਅਸੀਂ ਘਰਦੇ ਵਿੱਚ ਹੀ ਲੜਨ ਜੋਗੇ,
ਸੂਲੀ ਚਾੜ੍ਹ ਕੇ ਤਾੜੀਆਂ ਮਾਰਦੇ ਹਾਂ।
ਜਦੋਂ ਬਾਹਰ ਤੋਂ ਧਾੜਵੀ ਆ ਜਾਂਦੇ,
ਇੱਕ-ਦੂਜੇ ਨੂੰ ਹੱਥਾਂ 'ਤੇ ਚਾਰਦੇ ਹਾਂ।

-ਗੁਲਪੁਰ

# ਸੋਚ, ਚਿੰਤਨ ਤੇ ਤਬਦੀਲੀਆਂ

*ਮਨੁੱਖ ਨੇ ਆਪਣੀ ਸੋਚ-ਵਿਚਾਰ, ਚਿੰਤਨ ਅਤੇ ਮਿਹਨਤ ਨਾਲ ਹੁਣ ਤੱਕ ਹਜ਼ਾਰਾਂ ਵਸਤਾਂ ਦੀ ਸਿਰਜਣਾ ਕੀਤੀ। ਬੈਲ ਗੱਡੀ ਤੋਂ ਲੈ ਕੇ ਹਵਾਈ ਜਹਾਜ਼ ਤੱਕ ਬਣਾਏ, ਇਹ ਸਭ ਕੁਝ ਮਨੁੱਖ ਉਸਾਰੂ ਸੋਚ ਦਾ ਹੀ ਪ੍ਰਣਾਮ ਹੈ। ਮਨੁੱਖ ਹੁਣ ਪਸ਼ੂਆਂ ਦੀ ਤਰ੍ਹਾਂ ਕੁਦਰਤੀ ਸ਼ਕਤੀਆਂ ਅੱਗੇ ਬੇਵੱਸ ਬਣ ਕੇ ਨਹੀਂ ਰਹਿੰਦਾ, ਇਹ ਕਾਫੀ ਹੱਦ ਤੱਕ ਕੁਦਰਤੀ ਸ਼ਕਤੀਆਂ ਨੂੰ ਆਪਣੀ ਸਹੂਲਤ ਮੁਤਾਬਕ ਵਰਤੋਂ ਕਰਨੀ ਸਿੱਖ ਗਿਆ ਹੈ। ਨਿਰਾਸ਼ਤਾ ਕਿਸੇ ਵੀ ਇਨਸਾਨ ਦੀ ਸਭ ਤੋਂ ਵੱਡੀ ਦੁਸ਼ਮਣ ਹੁੰਦੀ ਹੈ। ਨਿਰਾਸ਼ ਵਿਅਕਤੀ ਕੁਝ ਵੀ ਨਵਾਂ ਨਹੀਂ ਸਿਰਜ ਸਕਦਾ। ਸਿਰਜਣਾ ਉਹ ਕਰਦੇ ਹਨ, ਜਿਹਨਾਂ ਦੇ ਜਜ਼ਬਿਆਂ ਵਿੱਚ ਅੱਗੇ ਵਧਣ ਦੀ ਚੇਸ਼ਟਾ ਹੋਵੇ।*



ਗੁਰਚਰਨ ਸਿੰਘ ਨੂਰਪੁਰ

